

# ਪ੍ਰਾਸਪੈਕਟਸ
# PROSPECTUS
# 2015-2016







# ਸਰਕਾਰੀ ਕਾਲਜ, ਰੋਪੜ
# Govt College Ropar

Phone & Fax.: 01881-222263
website : www.govtcollegeropar.org

ਕਾਲਜ

# ਪ੍ਰਿੰਸੀਪਲ ਵਲੋਂ ਦੋ ਸ਼ਬਦ...



ਪਿਆਰੇ ਵਿਦਿਆਰਥੀਓ

ਤੁਹਾਨੂੰ ਪੰਜਾਬ ਦੀ ਮਹਾਨ ਸੰਸਥਾ ਸਰਕਾਰੀ ਕਾਲਜ ਰੂਪਨਗਰ ਵਿਖੇ ਵਿੱਦਿਆ ਗ੍ਰਹਿਣ ਕਰਨ ਦਾ ਮੌਕਾ ਨਸੀਬ ਹੋ ਰਿਹਾ ਹੈ। ਤੁਸੀਂ ਇਸ ਸੰਸਥਾ ਵਿਚ ਦਾਖਲ ਹੋ ਕੇ ਪੂਰੀ ਇਕਾਗਰਤਾ, ਮਿਹਨਤ ਅਤੇ ਹੌਂਸਲੇ ਨਾਲ ਵਿੱਦਿਆ ਹਾਸਲ ਕਰਕੇ ਇਕ ਵਧੀਆ ਦੇਸ਼ ਦੇ ਨਾਗਰਿਕ ਬਣਨਾ ਹੈ।ਕੇਵਲ ਵਿੱਦਿਆ ਹੀ ਤੁਹਾਨੂੰ ਹੋਰਾਂ ਤੋਂ ਅਲੱਗ ਪਹਿਚਾਣ ਦੇ ਕੇ ਇਕ ਸੋਹਣੇ ਅਤੇ ਨਰੋਏ ਸਮਾਜ ਦੀ ਸਿਰਜਣਾ ਵਿਚ ਸਹਾਇਕ ਹੋ ਸਕਦੀ ਹੈ।

ਸਾਡੀ ਇਸ ਸੰਸਥਾ ਦਾ ਆਰੰਭ ਮਿਤੀ 6 ਜੂਨ 1945 ਨੂੰ ਸਵ: ਸ. ਬਲਦੇਵ ਸਿੰਘ (ਆਜ਼ਾਦ ਭਾਰਤ ਦੇ ਪਹਿਲੇ ਰੱਖਿਆ ਮੰਤਰੀ) ਦੀ ਸਰਪ੍ਰਸਤੀ ਹੇਠ ਹੋਇਆ। ਸੰਨ 1951 ਵਿਚ ਨਵੀਂ ਇਮਾਰਤ ਬਣੀ ਅਤੇ ਬਾਅਦ ਵਿਚ ਭੂਗੋਲ ਅਤੇ ਸਰੀਰਕ ਸਿੱਖਿਆ ਵਿਭਾਗਾਂ ਲਈ ਇਮਾਰਤਾਂ ਬਣਾਈਆਂ ਗਈਆਂ। ਕਾਲਜ ਦੀਆਂ ਇਮਾਰਤਾਂ ਵਿਸ਼ਾਲ ਅਤੇ ਆਧੁਨਿਕ ਹਨ, ਜਿਨ੍ਹਾਂ ਵਿਚ ਵਿਸ਼ਾਲ ਪ੍ਰਯੋਗਸ਼ਾਲਾਵਾਂ, ਕਲਾਸ ਰੂਮ ਅਤੇ ਲੈਕਚਰ ਥੀਏਟਰ, ਮਲਟੀ-ਪਰਪਜ਼ ਹਾਲ, ਸਮਾਰਟ ਕਲਾਸ ਰੂਮ, ਗਰਲਜ਼ ਕਾਮਨ ਰੂਮ ਲਾਇਬ੍ਰੇਰੀ ਅਤੇ ਦਫ਼ਤਰ ਹਨ। ਇਸ ਤੋਂ ਇਲਾਵਾ ਇਕ ਖੂਬਸੂਰਤ ਓਪਨ ਏਅਰ ਥੀਏਟਰ ਵੀ ਹੈ। ਇਹ ਵਿਸ਼ਾਲ ਕੈਂਪਸ 25 ਏਕੜ ਰਕਬੇ ਵਿਚ ਫੈਲਿਆ ਹੋਇਆ ਹੈ, ਜਿਸ ਵਿਚ 16 ਏਕੜ ਵਿਚ ਹੋਸਟਲ ਅਤੇ ਖੇਡਾਂ ਲਈ ਖੁੱਲੇ ਮੈਦਾਨ ਹਨ। ਬਹੁਤ ਸਾਲ ਪਹਿਲਾਂ ਇਥੇ ਸਿੰਧੂ ਘਾਟੀ ਦੀ ਸਭਿਅਤਾ ਦਾ ਵਿਕਾਸ ਹੋਇਆ। ਸ਼ਿਵਾਲਿਕ ਪਹਾੜੀਆਂ ਦੇ ਪਿਛੋਕੜ ਵਿਚ ਬਣਿਆ ਇਹ ਕਾਲਜ ਪ੍ਰਾਚੀਨ ਭਾਰਤੀ ਇਤਿਹਾਸ ਦੀ ਯਾਦ ਤਾਜ਼ਾ ਕਰਵਾ ਰਹੇ, ਇਸ ਨਗਰ ਦਾ ਮਹੱਤਵਪੂਰਨ ਵਿੱਦਿਅਕ ਅਦਾਰਾ ਹੈ।

ਇਲਾਕੇ ਦੇ ਵਿਦਿਆਰਥੀਆਂ ਦੇ ਬਹੁਮੁਖੀ ਵਿਕਾਸ ਲਈ ਕਾਲਜ ਨੂੰ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਯੂ.ਜੀ.ਸੀ. ਨਵੀਂ ਦਿੱਲੀ ਵੱਲੋਂ ਸਮੇਂ-ਸਮੇਂ ਤੇ ਸਹਿਯੋਗ, ਸੇਧ ਅਤੇ ਗ੍ਰਾਂਟ ਦਾ ਯੋਗਦਾਨ ਪ੍ਰਾਪਤ ਹੁੰਦਾ ਰਹਿੰਦਾ ਹੈ। ਮੈਨੂੰ ਇਹ ਵੀ ਮਾਣ ਹੈ ਕਿ ਇਸ ਕਾਲਜ ਵਿਚੋਂ ਪੜ੍ਹ ਕੇ ਗਏ ਵਿਦਿਆਰਥੀ ਚੰਗੇ ਡਾਕਟਰ, ਇੰਜੀਨੀਅਰ, ਸਫਲ ਪ੍ਰਸ਼ਾਸ਼ਕ, ਵਪਾਰੀ ਉੱਚੇ ਰਾਜਨੀਤਕ, ਚੰਗੇ ਨਾਮਵਰ ਕਲਾਕਾਰ ਅਤੇ ਸਰਕਾਰੀ ਅਹੁਦਿਆਂ ਤੇ ਰਹਿ ਚੁੱਕੇ ਹਨ ਅਤੇ ਸੇਵਾ ਕਰ ਵੀ ਰਹੇ ਹਨ। ਪਿਆਰੇ ਵਿਦਿਆਰਥੀਓ, ਇਸ ਤਰ੍ਹਾਂ ਸਰਕਾਰੀ ਕਾਲਜ ਰੂਪਨਗਰ ਦਾ ਵਰਤਮਾਨ ਅਤੇ ਭਵਿੱਖ ਬਹੁਤ ਰੌਸ਼ਨ ਹੈ। ਮੈਨੂੰ ਆਸ ਹੈ ਕਿ ਤੁਸੀਂ ਕਾਲਜ ਦੇ ਸੁਯੋਗ ਅਤੇ ਮਿਹਨਤੀ ਸਟਾਫ਼ ਦੀ ਸੁਯੋਗ ਅਗਵਾਈ ਹੇਠ-ਵਿੱਦਿਅਕ, ਸਹਿ-ਵਿੱਦਿਅਕ ਅਤੇ ਖੇਡਾਂ ਵਿਚ ਨਵੇਂ ਕੀਰਤੀਮਾਨ ਸਥਾਪਤ ਕਰਕੇ ਕਾਲਜ ਦਾ ਨਾਮ ਹੋਰ ਵੀ ਰੌਸ਼ਨ ਕਰੋਗੇ।

**ਸਨੇਹ ਲਤਾ ਬਧਵਾਰ**

# 2015-16 ਲਈ ਉਪਲਬਧ ਕੋਰਸ

## ਅੰਡਰ ਗਰੈਜੂਏਟ ਕੋਰਸ:

* ਬੀ.ਏ. I,II (ਸਮੈਸਟਰ ਪ੍ਰਣਾਲੀ)
* ਬੀ.ਏ. III (ਸਲਾਨਾ ਪ੍ਰਣਾਲੀ)
* ਬੀ.ਐਸ.ਸੀ. (ਮੈਡੀਕਲ ਅਤੇ ਨਾਨ ਮੈਡੀਕਲ) (ਸਮੈਸਟਰ ਪ੍ਰਣਾਲੀ)
* ਬੀ. ਕਾਮ (ਸਮੈਸਟਰ ਪ੍ਰਣਾਲੀ)
* ਬੀ.ਸੀ.ਏ. (ਸੈਲਫ ਫਾਇਨੈਂਸਿੰਗ ਸਕੀਮ ਅਧੀਨ (ਸਮੈਸਟਰ ਪ੍ਰਣਾਲੀ) (46 ਸੀਟਾਂ ਹਰੇਕ)

## ਪੋਸਟ ਗਰੈਜੂਏਟ/ਪੀ.ਜੀ.ਡਿਪਲੋਮਾ ਕੋਰਸ:

* ਐਮ.ਏ.- ਅੰਗਰੇਜ਼ੀ (ਸਮੈਸਟਰ ਪ੍ਰਣਾਲੀ)
* ਐਮ.ਏ.- ਪੰਜਾਬੀ (ਸਮੈਸਟਰ ਪ੍ਰਣਾਲੀ)
* ਐਮ.ਏ.- ਰਾਜਨੀਤੀ ਸ਼ਾਸਤਰ (ਸਮੈਸਟਰ ਪ੍ਰਣਾਲੀ)
* ਪੀ.ਜੀ.ਡੀ.ਸੀ.ਏ. (ਸੈਲਫ ਫਾਇਨੈਂਸਿੰਗ ਸਕੀਮ ਅਧੀਨ (ਸਮੈਸਟਰ ਪ੍ਰਣਾਲੀ) (35 ਸੀਟਾਂ)

## ਕਿੱਤਾ ਮੁਖੀ (Add-on) ਕੋਰਸ (ਸਰਟੀਫਿਕੇਟ/ਡਿਪਲੋਮਾ ਅਤੇ ਐਡਵਾਂਸਡ ਡਿਪਲੋਮਾ):

* ਡਾਟਾ ਕੇਅਰ ਮੈਨੇਜਮੈਂਟ (ਬੀ.ਏ.-ਮੈਥ ਸਹਿਤ, ਬੀ.ਐਸ.ਸੀ.- ਨਾਨ ਮੈਡੀਕਲ ਅਤੇ ਬੀ.ਕਾਮ.-I,II,III ਦੇ ਵਿਦਿਆਰਥੀਆਂ ਲਈ),
* ਇੰਡਸਟਰੀਅਲ ਕੈਮਿਸਟਰੀ (ਬੀ.ਐਸ.ਸੀ.-I,II,III ਮੈਡੀਕਲ ਅਤੇ ਨਾਨ-ਮੈਡੀਕਲ ਦੇ ਵਿਦਿਆਰਥੀਆਂ ਲਈ)
* ਇੰਸਟਰੂਮੈਂਟੇਸ਼ਨ (ਬੀ.ਐਸ.ਸੀ.-I,II,III ਨਾਨ-ਮੈਡੀਕਲ ਦੇ ਵਿਦਿਆਰਥੀਆਂ ਲਈ)
* ਸਪੋਕਨ ਇੰਗਲਿਸ਼ ਕਮਿਊਨੀਕੇਸ਼ਨ ਸਕਿੱਲ ਲਈ (ਯੂ.ਜੀ.ਸੀ ਤੋਂ ਪ੍ਰਮਾਣਿਤ) (ਬੀ.ਏ-I, ਬੀ.ਐਸ.ਸੀ.-I, ਬੀ ਕਾਮ-I ਅਤੇ ਬੀ.ਸੀ.ਏ-I ਦੇ ਵਿਦਿਆਰਥੀਆਂ ਲਈ)

## ਆਨਰਜ਼ ਕੋਰਸ:

ਹਿੰਦੀ, ਸੰਸਕ੍ਰਿਤ, ਜੋਗਰਫ਼ੀ

## ਇੰਕੁਆਰੀ (ਪੁੱਛ-ਪੜਤਾਲ) :

01881-222263

## ਦਾਖਲਾ ਹੈਲਪ ਲਾਈਨ:

ਪ੍ਰੋ. ਜਤਿੰਦਰ ਸਿੰਘ ਗਿੱਲ- 8146022995
ਡਾ. ਨਿਰਮਲ ਬਰਾੜ - 9872854751
ਕਾਲਜ ਦੀ ਵੈਬਸਾਈਟ:
www.govtcollegeropar.org.

# ਜ਼ਰੂਰੀ ਨੋਟ

ਬੀ.ਏ.-I, ਬੀ.ਐਸ.ਸੀ.-I ਦੇ ਦਾਖਲਾ ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 04.07.15 ਹੈ।
ਬੀ.ਕਾਮ.-I, ਬੀ.ਸੀ.ਏ.-I ਪੀ.ਜੀ.ਡੀ.ਸੀ.ਏ. ਅਤੇ ਐਮ.ਏ -I ਦੇ ਦਾਖਲਾ ਫਾਰਮ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ 06.07.15 ਹੈ। ਉਪਰੋਕਤ ਜਮਾਤਾਂ ਲਈ ਫਾਰਮ ਜਮ੍ਹਾਂ ਕਰਵਾਉਣ ਦੀਆਂ ਨਿਰਧਾਰਤ ਮਿਤੀਆਂ ਤੋਂ ਬਾਅਦ ਦਾਖ਼ਲਾ ਫ਼ਾਰਮ ਨਹੀਂ ਲਏ ਜਾਣਗੇ। ਪਰ ਇਹ ਮਿਤੀ ਕਾਲਜ ਵੱਲੋਂ ਵਧਾਈ ਵੀ ਜਾ ਸਕਦੀ ਹੈ।

# ਕਾਲਜ ਵਿੱਚ ਪੜ੍ਹਾਏ ਜਾਂਦੇ ਅਧਿਐਨ ਦੇ ਕੋਰਸ ਅਤੇ ਉਨ੍ਹਾਂ ਅਧੀਨ ਪੜ੍ਹਾਏ ਜਾਂਦੇ ਵਿਸ਼ਿਆਂ ਦੇ ਕੰਬੀਨੇਸ਼ਨ

1. ਅੰਗਰੇਜ਼ੀ ਲਾਜ਼ਮੀ

2. ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) (ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਹਦਾਇਤਾਂ ਅਨੁਸਾਰ)ਵਿਦਿਆਰਥੀ ਹੇਠ ਲਿਖਿਆਂ ਹਾਲਤਾਂ ਵਿੱਚ ਪੰਜਾਬੀ (ਲਾਜ਼ਮੀ) ਦੀ ਥਾਂ ਤੇ ਪੰਜਾਬੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ।

i ਜਿੰਨ੍ਹਾਂ ਵਿਦਿਆਰਥੀਆਂ ਨੇ ਦੱਸਵੀਂ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੈ।

ii. ਡਿਫੈਨਸ ਪਰਸਨਲ, ਪੈਰਾਮਿਲਿਟਰੀ ਪਰਸਨਲ ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਾਂ। ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਤਾਂ ਮਾਤਾ ਯਾ ਗਾਰਡੀਅਨ ਵੀ ਐਫੀਡੇਵਿਟ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ।

| ਗਰੁੱਪ ਕੋਰਸ | ਗਰੁੱਪ ਵਿੱਚ ਸ਼ਾਮਲ ਵਿਸ਼ੇ | ਸੀਟਾਂ ਦੀ ਗਿਣਤੀ |
|---|---|---|
| ਆਰਟਸ | **ਬੀ.ਏ.ਭਾਗ ਪਹਿਲਾ: (ਸਮੈਸਟਰ ਪ੍ਰਣਾਲੀ-)**<br>ਪਹਿਲਾਂ ਤਿੰਨ ਗਰੁੱਪ ਚੁਣੋ ਅਤੇ ਫਿਰ ਹਰ ਗਰੁੱਪ ਵਿੱਚੋਂ ਕੋਈ ਇਕ ਵਿਸ਼ਾ ਚੁਣੋ<br>1. ਇਕਨਾਮਿਕਸ<br>2. ਹਿਸਟਰੀ/ਮੈਥ/ਫਿਲਾਸਫੀ<br>3. ਪੋਲੀਟੀਕਲ ਸਾਇੰਸ<br>4. ਪੰਜਾਬੀ ਲਿਟਰੇਚਰ/ਹਿੰਦੀ ਲਿਟਰੇਚਰ/ਇੰਗਲਿਸ਼ ਲਿਟਰੇਚਰ/ਸੰਸਕ੍ਰਿਤ ਲਿਟਰੇਚਰ<br>5. ਪਬਲਿਕ ਐਡਮਨਿਸਟ੍ਰੇਸ਼ਨ/ਹੋਮ ਸਾਇੰਸ/ਫ਼ਿਜ਼ੀਕਲ ਐਜੂਕੇਸ਼ਨ/ਮਿਊਜ਼ਿਕ (ਇੰਸਟਰੂਮੈਂਟਲ)<br>6. ਜੋਗਰਫੀ/ਮਿਊਜ਼ਿਕ (ਵੋਕਲ)<br>7. ਕੰਪਿਊਟਰ | 650 |
| ਆਰਟਸ | **ਬੀ.ਏ.- ਭਾਗ ਦੂਜਾ: (ਸਮੈਸਟਰ ਪ੍ਰਣਾਲੀ-)**<br>ਬੀ.ਏ. ਭਾਗ ਦੂਜਾ ਵਿੱਚ ਇੱਕ ਚੋਣਵਾਂ ਵਿਸ਼ਾ ਬਦਲਿਆ ਜਾਣ ਵਾਲਾ ਵਿਸ਼ਾ ਪ੍ਰੈਕਟੀਕਲ ਵਾਲਾ ਨਹੀਂ ਹੋਣਾ ਚਾਹੀਦਾ ਅਜਿਹੇ ਵਿਦਿਆਰਥੀਆਂ ਨੂੰ ਬੀ.ਏ. ਭਾਗ ਦੂਜਾ ਵਿਚ ਵਿਸ਼ਾ ਬਦਲਣ ਦੀ ਸੂਰਤ ਵਿਚ ਬੀ.ਏ. ਭਾਗ ਪਹਿਲਾਂ ਦਾ ਡੈਫੀਸ਼ੈਟ ਪੇਪਰ ਵੀ ਦੇਣਾ ਹੋਵੇਗਾ।<br>**ਬੀ.ਏ ਭਾਗ ਤੀਜਾ (ਸਲਾਨਾ ਪ੍ਰਣਾਲੀ)** : ਬੀ.ਏ. ਭਾਗ ਦੂਜਾ ਵਿੱਚ ਲਏ ਵਿਸ਼ੇ ਹੀ ਰਹਿਣਗੇ।<br>(ਯੁਨੀਵਰਸਿਟੀ ਨਿਯਮਾਂ ਤਹਿਤ) | |
| ਕਾਮਰਸ | **ਬੀ ਕਾਮ- ਭਾਗ ਪਹਿਲਾ/ਦੂਜਾ/ਤੀਜਾ (ਸਮੈਸਟਰ ਪ੍ਰਣਾਲੀ)**<br>**ਭਾਗ ਪਹਿਲਾ: (ਸਮੈਸਟਰ-I)** ਅੰਗਰੇਜ਼ੀ, ਪੰਜਾਬੀ, ਫਾਈਨਾਂਸ਼ੀਅਲ ਅਕਾਊਂਟਿੰਗ, ਇਕਨਾਮਿਕਸ, ਬਿਜ਼ਨਸ ਰੈਗੂਲੇਟਰੀ ਫਰੇਮਵਰਕ, ਕੰਪਿਊਟਰ ਐਪਲੀਕੇਸ਼ਨ<br>**ਭਾਗ ਪਹਿਲਾ: (ਸਮੈਸਟਰ-II)** ਅੰਗਰੇਜ਼ੀ, ਪੰਜਾਬੀ, ਈ-ਅਕਾਊਂਟਿੰਗ, ਬਿਜ਼ਨਸ ਸਟੈਟਿਸਟਿਕਸ, ਬਿਜ਼ਨਸ ਲਾਅ, ਇਕਨਾਮਿਕਸ<br>**ਭਾਗ ਦੂਜਾ : (ਸਮੈਸਟਰ-III)** ਪੰਜਾਬੀ, ਅੰਗਰੇਜ਼ੀ, ਕੰਪਨੀ ਲਾਅ, ਪ੍ਰਿੰਸੀਪਲ ਆਫ਼ ਮੈਨੇਜਮੈਂਟ-I, ਇਨਕਮ ਟੈਕਸ-I, ਕਾਰਪੋਰੇਟ ਅਕਾਊਂਟਿੰਗ-I, ਮੈਥੇਮੈਟਿਕਸ<br>**ਭਾਗ ਦੂਜਾ: (ਸਮੈਸਟਰ-IV)** ਪੰਜਾਬੀ, ਅੰਗਰੇਜ਼ੀ, ਆਡੀਟਿੰਗ, ਪ੍ਰਿੰਸੀਪਲ ਆਫ਼ ਮੈਨੇਜਮੈਂਟ-II, ਇਨਕਮ ਟੈਕਸ-II, ਕਾਰਪੋਰੇਟ ਅਕਾਊਂਟਿੰਗ-II, ਇਕਨਾਮਿਕ ਇਨਵਾਇਰਨਮੈਂਟ<br>**ਭਾਗ ਤੀਜਾ:(ਸਮੈਸਟਰ V ਅਤੇ IV)** ਵਿਸ਼ੇ ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂਨਿਰਧਾਰਿਤ ਕੀਤੇ ਜਾਣਗੇ। | 120<br>120<br>120 |
| ਸਾਇੰਸ | **ਬੀ.ਐਸ.ਸੀ. ਭਾਗ ਪਹਿਲਾ/ਦੂਜਾ/ਅਤੇ ਤੀਜਾ: (ਸਮੈਸਟਰ ਪ੍ਰਣਾਲੀ)**<br>ਬੀ.ਐਸ.ਸੀ. ਕੋਰਸ ਦੇ ਤਿੰਨ ਸਾਲਾਂ ਵਿੱਚ ਪੰਜਾਬੀ ਦਾ ਵਿਸ਼ਾ ਪੜ੍ਹਾਇਆ ਜਾਵੇਗਾ ਅਤੇ ਅੰਗਰੇਜ਼ੀ ਕੇਵਲ ਦੂਸਰੇ ਸਾਲ ਵਿੱਚ ਪੜ੍ਹਾਈ ਜਾਵੇਗੀ।<br>1. ਮੈਡੀਕਲ: (1) ਕੈਮਿਸਟਰੀ (2) ਬਾਟਨੀ (3) ਜੁਆਲੋਜੀ<br>2. ਨਾਨ-ਮੈਡੀਕਲ: (1) ਕੈਮਿਸਟਰੀ (2) ਫਿਜ਼ਿਕਸ ਅਤੇ (3) ਗਣਿਤ | 180 |
| ਐਮ.ਏ. | ਐਮ. ਏ.-ਪੰਜਾਬੀ, ਐਮ.ਏ.-ਅੰਗਰੇਜ਼ੀ ਅਤੇ ਐਮ.ਏ.-ਰਾਜਨੀਤੀ ਸ਼ਾਸਤਰ: (ਭਾਗ 1 ਅਤੇ 2) | 40ਪ੍ਰਤੀ |

**** ਵਿਸ਼ਿਆਂ ਦੀ ਚੋਣ ਜਾਂ ਕੋਈ ਤਬਦੀਲੀ ਯੂਨੀਵਰਸਿਟੀ ਦੇ ਨਵੇਂ ਸ਼ੈਸ਼ਨ ਦੇ ਸਲੇਬਸ ਅਨੁਸਾਰ ਹੀ ਅੰਤਿਮ ਹੋਵੇਗੀ।**

ਨੋਟ: ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਬੀ.ਏ./ਬੀ.ਐਸ.ਸੀ./ਬੀ.ਕਾਮ ਭਾਗ ਦੂਜਾ ਦੇ ਵਿਦਿਆਰਥੀਆਂ ਲਈ ਵਾਤਾਵਰਣ ਸਿੱਖਿਆ ਦਾ ਵਿਸ਼ਾ ਪੜ੍ਹਨਾ ਲਾਜ਼ਮੀ ਹੈ।

# ਦਾਖ਼ਲੇ ਦਾ ਪ੍ਰੋਗਰਾਮ 2015-16

## 1. ਕਾਲਜ ਖੁੱਲ੍ਹਣ ਦੀ ਮਿਤੀ - 30-6-2015

## 2. ਬੀ.ਏ.I, ਬੀ.ਐਸ.ਸੀ-I, ਬੀ.ਕਾਮ-I, ਬੀ.ਸੀ.ਏ-I, ਪੀ.ਜੀ.ਡੀ.ਸੀ.ਏ, ਐਮ.ਏ.-I, ਐਮ.ਏ.-II (ਸਮੈਸਟਰ ਪ੍ਰਣਾਲੀ) ਵਾਸਤੇ ਦਾਖ਼ਲਾ

| | | |
|---|---|---|
| (i) | ਰੈਗੂਲਰ ਦਾਖਲੇ (ਬਿਨਾਂ ਲੇਟ ਫੀਸ) | : 14-7-2015 ਤੱਕ |
| (ii) | 500/- ਰੁਪਏ ਲੇਟ ਫ਼ੀਸ ਅਤੇ ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਨਾਲ | : 15-7-2015 ਤੋਂ 30-7-2015 ਤੱਕ |
| (iii) | 1000/- ਰੁਪਏ ਲੇਟ ਫ਼ੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | : 01-8-2015 ਤੋਂ 10-8-2015 ਤੱਕ |
| (iv) | 1500/- ਰੁਪਏ ਲੇਟ ਫ਼ੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | : 11-8-15 ਤੋਂ 20-8-15 ਤੱਕ |
| (v) | 2000/- ਰੁਪਏ ਲੇਟ ਫ਼ੀਸ ਅਤੇ ਵਾਈਸ ਚਾਸਲਰ ਦੀ ਪ੍ਰਵਾਨਗੀ ਨਾਲ | : 21-8-2015 ਤੋਂ 31-8-2015 ਤੱਕ |

## 3. ਬੀ.ਏ. ਭਾਗ- ਤੀਜੇ ਦਾ ਦਾਖਲਾ (ਸਲਾਨਾ ਪ੍ਰਣਾਲੀ)

| | | |
|---|---|---|
| (i) | ਰੈਗੂਲਰ ਦਾਖਲੇ (ਬਿਨਾਂ ਲੇਟ ਫ਼ੀਸ) | : ਰਿਜ਼ਲਟ ਨਿਕਲਣ ਦੀ ਮਿਤੀ ਤੋਂ 15 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |
| (ii) | 500/- ਰੁਪਏ ਲੇਟ ਫ਼ੀਸ ਅਤੇ ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਨਾਲ | : ਉਪਰੋਕਤ (i) ਤੋਂ ਅਗਲੇ 5 ਕੰਮ ਕਾਜੀ ਦਿਨਾਂ ਦੇ ਅੰਦਰ- ਅੰਦਰ |
| (iii) | 1000/- ਰੁਪਏ ਲੇਟ ਫ਼ੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | : ਉਪਰੋਕਤ (ii) ਤੋਂ ਅਗਲੇ 5 ਕੰਮ ਕਾਜੀ ਦਿਨਾਂ ਦੇ ਅੰਦਰ-ਅੰਦਰ |
| (iv) | 2000/- ਰੁਪਏ ਲੇਟ ਫ਼ੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | : ਉਪਰੋਕਤ (iii) ਤੋਂ ਅਗਲੇ 5 ਕੰਮ ਕਾਜੀ ਦਿਨਾਂ ਦੇ ਅੰਦਰ-ਅੰਦਰ |

**ਨੋਟ: ਸਮੈਸਟਰ ਪ੍ਰਣਾਲੀ ਲਈ 31 ਅਗਸਤ ਅਤੇ ਸਲਾਨਾ ਪ੍ਰਣਾਲੀ ਲਈ 30 ਨਵੰਬਰ ਤੋਂ ਬਾਅਦ ਕਿਸੇ ਵੀ ਕੋਰਸ ਵਿੱਚ ਦਾਖਿਲੇ ਦੀ ਸੁਵਿਧਾ/ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ**

### ਸਮੈਸਟਰ ਸਿਸਟਮ ਪ੍ਰਣਾਲੀ ਦੀ ਪੜ੍ਹਾਈ

| | |
|---|---|
| ਪਹਿਲੇ, ਤੀਜੇ ਅਤੇ ਪੰਜਵੇ ਸਮੈਸਟਰ ਦੀ ਪੜ੍ਹਾਈ | : 15-7-15 ਤੋਂ 16-11-15 ਤੱਕ |
| ਪਹਿਲੇ, ਤੀਜੇ ਅਤੇ ਪੰਜਵੇ ਸਮੈਸਟਰ ਦੇ ਇਮਤਿਹਾਨ | : 26-11-15 ਤੋਂ |
| ਦੂਜੇ, ਚੌਥੇ ਅਤੇ ਛੇਵੇਂ ਸਮੈਸਟਰ ਦੀ ਪੜ੍ਹਾਈ | : 7-1-16 ਤੋਂ 30-4-16 ਤੱਕ |
| ਦੂਜੇ, ਚੌਥੇ ਅਤੇ ਛੇਵੇਂ ਸਮੈਸਟਰ ਦੇ ਇਮਤਿਹਾਨ | : 13-05-2016 ਤੋਂ |

ਨੋਟ: ਐਮ.ਏ. (ਅੰਗਰੇਜ਼ੀ ਅਤੇ ਰਾਜਨੀਤੀ ਸ਼ਾਸਤਰ) ਭਾਗ ਪਹਿਲਾ ਅਤੇ ਦੂਜਾ ਵਿੱਚ ਹਰੇਕ ਸਮੈਸਟਰ ਵਿੱਚ ਚਾਰ ਪੇਪਰ ਹੋਣਗੇ ਅਤੇ ਹਰ ਪਰਚਾ 100 ਅੰਕਾਂ ਦਾ ਹੋਵੇਗਾ ਅਤੇ ਕੁੱਲ ਅੰਕ 1600 ਹੋਣਗੇ। ਐਮ.ਏ. ਪੰਜਾਬੀ ਵਿੱਚ ਹਰ ਸਮੈਸਟਰ ਵਿਚ ਪੰਜ ਪਰਚੇ ਹੋਣਗੇ ਅਤੇ ਹਰ ਪਰਚਾ 80 ਨੰਬਰ ਦਾ ਹੋਵੇਗਾ।

ਨੋਟ: ਦਾਖਲੇ ਸਮੇਂ ਬਾਹਰੋਂ ਆਏ ਵਿਦਿਆਰਥੀ +2, B.A. ਅਤੇ M.A. ਦੇ ਅਸਲ ਸਰਟੀਫਿਕੇਟ ਅਤੇ ਮਾਈਗਰੇਸ਼ਨ ਸਰਟੀਫਿਕੇਟ ਦਾਖਲਾ ਕਮੇਟੀ ਕੋਲ ਦਾਖ਼ਲੇ ਵਾਲੇ ਦਿਨ ਹੀ ਜਮਾਂ ਕਰਵਾਉਣਗੇ। ਸਰਟੀਫਿਕੇਟ ਨਾ ਜਮ੍ਹਾਂ ਕਰਵਾਉਣ ਦੀ ਸੂਰਤ ਵਿੱਚ ਜੁਰਮਾਨੇ ਦੇ ਜ਼ਿੰਮੇਵਾਰ ਵਿਦਿਆਰਥੀ ਆਪ ਹੀ ਹੋਣਗੇ ਅਤੇ ਉਨ੍ਹਾਂ ਦਾ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।

# 2015-16 ਲਈ ਉਪਲਬਧ ਕੋਰਸਾਂ ਦੇ ਨਿਯਮ

### ਅੰਡਰ ਗਰੈਜੁਏਟ ਕੋਰਸ:

**ਬੀ.ਏ I ਸਮੈਸਟਰ ਪ੍ਰਣਾਲੀ:**

1. ਉਮੀਦਵਾਰ ਨੇ ਪੰਜਾਬ ਸਕੂਲ ਸਿਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਪਾਸ ਕੀਤਾ ਹੋਵੇ।
2. ਸਾਂਇੰਸ ਜਾਂ ਕਾਮਰਸ ਦੇ ਵਿਸ਼ਿਆ ਨਾਲ 10+2 ਪਾਸ ਕਰਨ ਵਾਲੇ ਵਿਦਿਆਰਥੀ ਵੀ ਬੀ. ਏ ਭਾਗ I ਵਿੱਚ ਦਾਖਲਾ ਲੈ ਸਕਦੇ ਹਨ।
3. ਬੀ.ਏ ਭਾਗ I ਵਿਚ ਸਿਰਫ਼ ਉਹ ਵਿਦਿਆਰਥੀ ਗਣਿਤ ਦਾ ਵਿਸ਼ਾ ਲੈ ਸਕਦਾ ਹੈ ਜਿਸ ਨੇ ਪਹਿਲਾਂ 10+2 ਦੇ ਇਮਤਿਹਾਨ ਗਣਿਤ ਨਾਲ ਪਾਸ ਕੀਤਾ ਹੋਵੇ।
4. ਉਮੀਦਵਾਰ ਦੀ 10+2ਵਿੱਚ ਕਿਸੇ ਵਿਸ਼ੇ ਵਿੱਚ ਰੀਅਪੀਅਰ ਹੈ ਤਾਂ ਵੀ ਉਹ ਬੀ.ਏ I ਵਿਚ ਦਾਖਲਾ ਲੈ ਸਕਦਾ ਹੈ ਪਰ ਉਸ ਨੂੰ ਆਪਣੀ ਰੀਅਪੀਅਰ ਸਮੇਸਟਰ ਦੀ ਪ੍ਰੀਖਿਆ ਦੇਣ ਤੋਂ ਪਹਿਲਾਂ ਉਸੇ ਸਾਲ ਸਪਲੀਮੈਂਟਰੀ ਇਮਤਿਹਾਨਾਂ ਵਿੱਚ ਪਾਸ ਕਰਨੀ ਲਾਜ਼ਮੀ ਹੈ ਇੰਝ ਨਾ ਕਰਨ ਦੀ ਸੂਰਤ ਵਿੱਚ ਉਮੀਦਵਾਰ ਦਾ ਦਾਖਲਾ ਆਪਣੇ ਆਪ ਰੱਦ ਸਮਝਿਆ ਜਾਵੇਗਾ।
5. ਵਿਦਿਆਰਥੀ ਹੇਠ ਲਿਖਿਆਂ ਹਾਲਤਾਂ ਵਿੱਚ ਪੰਜਾਬੀ (ਲਾਜ਼ਮੀ) ਦੀ ਥਾਂ ਤੇ ਪੰਜਾਬੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ।
   i ਜਿੰਨ੍ਹਾਂ ਵਿਦਿਆਰਥੀਆਂ ਨੇ ਦੱਸਵੀਂ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੈ।
   ii. ਡਿਫੈਨਸ ਪਰਸਨਲ, ਪੈਰਾਮਿਲਿਟਰੀ ਪਰਸਨਲ ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਾਂ। ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਤਾਂ ਮਾਤਾ ਯਾ ਗਾਰਡੀਅਨ ਵੀ ਐਫੀਡੇਵਿਟ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ।
6. ਜਿੰਨਾ ਵਿਦਿਆਰਥੀਆਂ ਨੇ 10+2 ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਬੋਰਡ ਆੱਫ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆੱਫ ਸਕੂਲ ਐਜੂਕੇਸ਼ਨ, ਸੀ.ਬੀ.ਐਸ ਈ ਬੋਰਡ ਅਤੇ ਆਈ.ਸੀ.ਐਸ.ਈ ਬੋਰਡ ਤੋਂ ਪਾਸ ਕੀਤੀ ਹੈ ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਦਾਖ਼ਲੇ ਲਈ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਰਜਿਸਟੇਸ਼ਨ ਬ੍ਰਾਂਚ ਤੋਂ ਪਾਤਰਤਾ/ Eligibilty ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।

**ਬੀ.ਏ II ਸਮੈਸਟਰ ਪ੍ਰਣਾਲੀ:**

1. ਘਰੇਲੂ ਪਰੀਖਿਆਵਾਂ (Mid-Term Exams) ਅਤੇ ਲੋੜੀਂਦੀਆਂ ਹਾਜ਼ਰੀਆਂ ਦੀਆਂ ਸਰਤਾਂ ਪੂਰੀਆਂ ਕਰਨੀਆਂ ਪੈਣੀਆਂ ਹਨ ਪਰ ਪਹਿਲੇ ਤੋਂ ਦੂਜੇ, ਸਮੈਸਟਰ ਤੀਜੇ ਤੋਂ ਚੋਥੇ ਸਮੈਸਟਰ ਅਤੇ ਪੰਜਵੇਂ ਤੋਂ ਛੇਵੇਂ ਸਮੈਸਟਰ ਵਿੱਚ ਜਾਣ ਲਈ ਪੇਪਰ ਪਾਸ ਕਰਨ ਦੀ ਕੋਈ ਸ਼ਰਤ ਨਹੀਂ ਹੈ।
2. ਤੀਸਰੇ ਸਮੈਸਟਰ ਦੇ ਵਿੱਚ ਦਾਖਲੇ ਲਈ ਵਿਦਿਆਰਥੀ ਨੂੰ ਘੱਟੋ ਘੱਟ 50% ਪੇਪਰ ਪਹਿਲੇ ਦੋ ਸਮੈਸਟਰ (ਪਹਿਲੇ ਸਾਲ ਦੇ) ਪਾਸ ਕਰਨੇ ਲਾਜ਼ਮੀ ਹਨ। ਅਗਰ ਤੀਸਰੇ ਸਮੈਸਟਰ ਦੇ ਦਾਖਲੇ ਵੇਲੇ, ਦੂਸਰੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖਲਾ ਆਰਜ਼ੀ ਤੌਰ ਤੇ ਕੀਤਾ ਜਾ ਸਕਦਾ ਹੈ ਪਰ ਵਿਦਿਆਰਥੀ ਤੀਜੇ ਸਮੈਸਟਰ ਦੇ ਇਮਤਿਹਾਨ ਤਾਂ ਹੀ ਤੇ ਸਕਦਾ ਹੈ ਜੇਕਰ ਉਹ ਪਿਛਲੇ ਦੋ ਸਮੈਸਟਰ ਦੇ 50% ਪੇਪਰਾਂ ਵਿਚੋਂ ਪਾਸ ਹੋਵੇਗਾ। ਇਸ ਪ੍ਰਕਾਰ 5th ਤੋਂ 6th ਸਮੈਸਟਰ ਵਿੱਚ ਜਾਣ ਲਈ ਵੀ ਉਪਰੋਕਤ ਨਿਯਮ ਹੀ ਲਾਗੂ ਹੋਣਗੇ।
3. ਸਮੈਸਟਰ ਪ੍ਰਣਾਲੀ ਅਧੀਨ ਚੱਲ ਰਹੇ ਕੋਰਸਾਂ ਦੇ ਯੂਨੀਵਰਸਿਟੀ ਪ੍ਰੀਖਿਆ ਫਾਰਮ ਹਰ ਸਮੈਸਟਰ ਵਿੱਚ ਭਰਨੇ ਲਾਜ਼ਮੀ ਹਨ। ਇਹ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ।

**ਬੀ.ਕਾਮ I ਸਮੈਸਟਰ ਪ੍ਰਣਾਲੀ (ਸਮੈਸਟਰ ਪਹਿਲਾ):**

ਉਮੀਦਵਾਰ ਨੇ 10+2 ਪੰਜਾਬ ਸਕੂਲ ਸਿਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ ਹੇਠ ਲਿਖੇ ਅਨੁਸਾਰ ਪਾਸ ਕੀਤੀ ਹੋਵੇ।

1. 40% ਜੇਕਰ 10+2 ਕਾਮਰਸ ਗਰੁਪ ਵਿਚ ਹੈ।
2. 45% ਜੇਕਰ 10+2 ਆਰਟਸ ਗਰੁਪ ਵਿਚ ਹੈ ਅਤੇ ਉਮੀਦਵਾਰ ਕੋਲ ਕਾਮਰਸ/ਅਕਾਊਂਟ/ ਮੈਥ/ਅਰਥ ਸ਼ਾਸ਼ਤਰ/ ਮੈਨੇਜਮੈਂਟ ਵਿਚੋਂ ਇੱਕ ਵਿਸ਼ਾ ਹੋਣਾ ਲਾਜ਼ਮੀ ਹੈ।
3. 50% ਉਹਨਾਂ ਉਮੀਦਵਾਰਾਂ ਲਈ ਜੋ ਕਿ (i) ਅਤੇ (ii) ਵਿੱਚ ਨਹੀਂ ਆਉਂਦੇ।
4. 10+2 ਵਿੱਚ ਰੀਪੀਅਰ ਵਾਲੇ ਉਮੀਦਵਾਰਾਂ ਨੂੰ ਬੀ ਕਾਮ ਭਾਗ ਪਹਿਲਾ ਸਮੈਸਟਰ ਪਹਿਲਾ ਦਾਖਲਾ ਨਹੀਂ ਮਿਲੇਗਾ।

**ਬੀ.ਕਾਮ II ਅਤੇ III (ਸਮੈਸਟਰ ਪ੍ਰਣਾਲੀ):**

1. ਤੀਸਰੇ ਸਮੈਸਟਰ ਦੇ ਵਿੱਚ ਦਾਖਲੇ ਲਈ ਵਿਦਿਆਰਥੀ ਨੂੰ ਘਟੋ ਘਟ 50% ਪੇਪਰ ਪਹਿਲੇ ਦੋ ਸਮੈਸਟਰ (ਪਹਿਲੇ ਸਾਲ ਦੇ) ਪਾਸ ਕਰਨੇ ਲਾਜ਼ਮੀ ਹਨ। ਅਗਰ ਤੀਸਰੇ ਸਮੈਸਟਰ ਦੇ ਦਾਖਲੇ ਵੇਲੇ, ਦੂਸਰੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖਲਾ ਆਰਜ਼ੀ ਤੌਰ ਤੇ ਕੀਤਾ ਜਾ ਸਕਦਾ ਹੈ ਪਰ ਵਿਦਿਆਰਥੀ ਤੀਜੇ ਸਮੈਸਟਰ ਦੇ ਇਮਤਿਹਾਨ ਤਾਂ ਹੀ ਤੇ ਸਕਦਾ ਹੈ ਜੇਕਰ ਉਹ ਪਿਛਲੇ ਦੋ ਸਮੈਸਟਰ ਦੇ 50% ਪੇਪਰਾਂ ਵਿਚੋਂ ਪਾਸ ਹੋਵੇਗਾ। ਇਸ ਪ੍ਰਕਾਰ 5th ਤੋਂ 6th ਸਮੈਸਟਰ ਵਿੱਚ ਜਾਣ ਲਈ ਵੀ ਉਪਰੋਕਤ ਨਿਯਮ ਹੀ ਲਾਗੂ ਹੋਣਗੇ।

3. ਸਮੈਸਟਰ ਪ੍ਰਣਾਲੀ ਅਧੀਨ ਚੱਲ ਰਹੇ ਕੋਰਸਾਂ ਦੇ ਯੂਨੀਵਰਸਿਟੀ ਪ੍ਰੀਖਿਆ ਫਾਰਮ ਹਰ ਸਮੈਸਟਰ ਵਿੱਚ ਭਰਨੇ ਲਾਜ਼ਮੀ ਹਨ। ਇਹ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ।

**ਬੀ.ਸੀ ਏ I (ਸਮੈਸਟਰ ਪ੍ਰਣਾਲੀ)**:

1. ਉਮੀਦਵਾਰ ਨੇ 10+2 ਪੰਜਾਬ ਸਕੂਲ ਸਿਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ ਪਾਸ ਕੀਤੀ ਹੋਵੇ।
2. 10+2 ਵਿੱਚ ਰੀਪੀਅਰ ਵਾਲੇ ਵਿਦਿਆਰਥੀਆ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।

**ਬੀ.ਸੀ ਏ II ਅਤੇ III (ਸਮੈਸਟਰ ਪ੍ਰਣਾਲੀ)**

1. ਤੀਸਰੇ ਸਮੈਸਟਰ ਦੇ ਵਿੱਚ ਦਾਖਲੇ ਲਈ ਵਿਦਿਆਰਥੀ ਨੂੰ ਘੱਟੋ ਘੱਟ 50% ਪੇਪਰ ਪਹਿਲੇ ਦੋ ਸਮੈਸਟਰ (ਪਹਿਲੇ ਸਾਲ ਦੇ) ਪਾਸ ਕਰਨੇ ਲਾਜ਼ਮੀ ਹਨ। ਅਗਰ ਤੀਸਰੇ ਸਮੈਸਟਰ ਦੇ ਦਾਖਲੇ ਵੇਲੇ, ਦੂਸਰੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖਲਾ ਆਰਜ਼ੀ ਤੌਰ ਤੇ ਕੀਤਾ ਜਾ ਸਕਦਾ ਹੈ ਪਰ ਵਿਦਿਆਰਥੀ ਤੀਜੇ ਸਮੈਸਟਰ ਦੇ ਇਮਤਿਹਾਨ ਤਾਂ ਹੀ ਤੇ ਸਕਦਾ ਹੈ ਜੇਕਰ ਉਹ ਪਿਛਲੇ ਦੋ ਸਮੈਸਟਰ ਦੇ 50% ਪੇਪਰਾਂ ਵਿਚੋਂ ਪਾਸ ਹੋਵੇਗਾ। ਇਸ ਪ੍ਰਕਾਰ 5th ਤੋਂ 6th ਸਮੈਸਟਰ ਵਿੱਚ ਜਾਣ ਲਈ ਵੀ ਉਪਰੋਕਤ ਨਿਯਮ ਹੀ ਲਾਗੂ ਹੋਣਗੇ।
2. ਸਮੈਸਟਰ ਪ੍ਰਣਾਲੀ ਅਧੀਨ ਚੱਲ ਰਹੇ ਕੋਰਸਾਂ ਦੇ ਯੂਨੀਵਰਸਿਟੀ ਪ੍ਰੀਖਿਆ ਫਾਰਮ ਹਰ ਸਮੈਸਟਰ ਵਿੱਚ ਭਰਨੇ ਲਾਜ਼ਮੀ ਹਨ। ਇਹ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ।

**ਬੀ.ਐਸ ਸੀ I (ਸਮੈਸਟਰ ਪ੍ਰਣਾਲੀ)**:

1. ਉਮੀਦਵਾਰ ਨੇ 10+2 ਪੰਜਾਬ ਸਕੂਲ ਸਿਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ ਪਾਸ ਕੀਤੀ ਹੋਵੇ।
2. 10+2 ਵਿੱਚ ਰੀਪੀਅਰ ਵਾਲੇ ਵਿਦਿਆਰਥੀਆ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।

**ਬੀ.ਐਸ ਸੀ II (ਸਮੈਸਟਰ ਪ੍ਰਣਾਲੀ)**:

1. ਬੀ.ਐਸ.ਸੀ ਤੀਸਰੇ ਸਮੈਸਟਰ ਵਿੱਚ ਦਾਖਲੇ ਲਈ ਪਹਿਲੇ ਅਤੇ ਦੂਜੇ ਸਮੈਸਟਰ ਦੀ 50% ਪੇਪਰ ਪਾਸ ਹੋਣੇ ਲਾਜ਼ਮੀ ਹਨ।
2. ਚੌਥੇ ਸਮੈਸਟਰ ਦੇ ਇਮਤਿਹਾਨ ਦੇਣ ਲਈ ਪਹਿਲਾਂ ਸਮੈਸਟਰ ਪੂਰਾ ਪਾਸ ਹੋਣਾ ਜ਼ਰੂਰੀ ਹੈ।

**ਬੀ.ਐਸ ਸੀ III (ਸਮੈਸਟਰ ਪ੍ਰਣਾਲੀ)**:

1. ਪੰਜਵੇਂ ਸਮੈਸਟਰ ਵਿੱਚ ਦਾਖਲਾ ਲਈ, ਪਹਿਲਾ ਅਤੇ ਦੂਸਰਾ ਸਮੈਸਟਰ ਪੂਰਾ ਪਾਸ (ਕੋਈ ਰੀਪੀਅਰ ਨਹੀਂ) ਅਤੇ ਤੀਸਰਾ ਅਤੇ ਚੌਥਾ ਸਮੈਸਟਰ 50% ਪਾਸ ਹੋਣਾ ਲਾਜ਼ਮੀ ਹੈ।
2. ਛੇਵੇਂ ਸਮੈਸਟਰ ਦੇ ਦਾਖਲੇ ਲਈ ਪਹਿਲੇ, ਦੂਸਰੇ ਅਤੇ ਤੀਸਰੇ ਸਮੈਸਟਰ ਦੇ 100% ਇਮਤਿਹਾਨ ਪਾਸ ਹੋਣੇ ਲਾਜ਼ਮੀ ਹਨ। ਚੌਥੇ ਅਤੇ ਪੰਜਵੇਂ ਸਮੈਸਟਰ ਦਾ 50% ਪੇਪਰ ਪਾਸ ਹੋਣੇ ਜ਼ਰੂਰੀ ਹਨ।

**ਪੋਸਟ ਗਰੈਜੁਏਟ ਕੋਰਸ: ਐਮ ਏ (ਸਮੈਸਟਰ ਪ੍ਰਣਾਲੀ)**

1. ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰ ਨੰ: 6375-3686/ਕਾਲਜ/ਜੀ.ਸੀ.-6 ਮਿਤੀ 28-7-2005 ਅਨੁਸਾਰ ਐਮ.ਏ.ਵਿਚ ਕਿਸੇ ਵੀ ਫ਼ੈਕਲਟੀ ਦਾ ਗਰੈਜੂਏਟ ਦਾਖ਼ਲੇ ਲਈ ਯੋਗ ਹੋਵੇਗਾ। ਦਾਖ਼ਲੇ ਦੀ ਮੈਰਿਟ ਨਿਰਧਾਰਿਤ ਕਰਨ ਦੀਆਂ ਮੌਜੂਦਾ ਸ਼ਰਤਾਂ ਹੀ ਰਹਿਣਗੀਆਂ।
2. ਐਮ.ਏ. ਵਿਚ ਦਾਖ਼ਲੇ ਲੈਣ ਲਈ 50% ਨੰਬਰ ਅਤੇ ਸੰਬੰਧਿਤ ਵਿਸ਼ੇ ਵਿਚ ਵੀ 50% ਨੰਬਰ ਜ਼ਰੂਰੀ ਹਨ।
3. ਚੋਣ ਦਾ ਫੈਸਲਾ ਸਾਰੇ ਨੰਬਰ+ਵਿਸ਼ੇ ਦੇ ਨੰਬਰ ਜੋੜ ਕੇ ਕੀਤਾ ਜਾਏਗਾ।
4. ਦਾਖ਼ਲਾ ਆਖ਼ਰੀ ਮਿਤੀ ਤੱਕ ਆਈਆਂ ਅਰਜ਼ੀਆਂ ਵਿੱਚੋਂ ਹੀ ਕੀਤਾ ਜਾਵੇਗਾ।
5. ਐਮ.ਏ. ਸਾਲ ਪਹਿਲਾ ਵਿੱਚ ਹਰ ਵਿਸ਼ੇ ਵਿੱਚ ਘੱਟ ਤੋਂ ਘੱਟ 25 ਵਿਦਿਆਰਥੀ ਜ਼ਰੂਰੀ ਚਾਹੀਦੇ ਹਨ।
6 SC/ST ਉਮੀਦਵਾਰਾਂ ਲਈ ਅਤੇ ਵਿਕਲਾਂਗ (40% disability) ਉਮੀਦਵਾਰਾਂ ਲਈ ਦਾਖਲਾ ਵਿੱਚ 5% (45% ਅੰਕ) ਦੀ ਛੋਟ ਹੈ।

**ਪੀ.ਜੀ.ਡੀ.ਸੀ.ਏ (ਸਮੈਸਟਰ ਪ੍ਰਣਾਲੀ)**

ਕਿਸੇ ਵੀ ਵਿਸ਼ੇ ਵਿੱਚ ਗੈਜੂਏਸ਼ਨ ਹੋਣਾ ਲਾਜ਼ਮੀ ਹੈ।

# ਫ਼ੀਸਾਂ ਦਾ ਵੇਰਵਾ

## A. ਯੂਨੀਵਰਸਿਟੀ ਫ਼ੀਸਾਂ

| | | |
|---|---|---|
| 1. | ਰਜਿਸਟਰੇਸ਼ਨ ਨਿਰੰਤਰਤਾ ਫ਼ੀਸ ਪਹਿਲਾਂ ਰਜਿਸਟਰਡ ਵਿਦਿਆਰਥੀ | 200.00 |
| 2. | ਯੂਨੀਵਰਸਿਟੀ ਰਜਿਸਟ੍ਰੇਸ਼ਨ ਫ਼ੀਸ ਨਵੇਂ ਰਜਿਸਟਰ ਹੋਣ ਵਾਲੇ ਵਿਦਿਆਰਥੀ | 600.00 |
| 3. | ਪੰਜਾਬ ਸਟੇਟ ਸਪੋਰਟਸ ਕੌਂਸਲ ਫ਼ੀਸ | 25.00 |
| 4. | ਯੂਨੀਵਰਸਿਟੀ ਸਪੋਰਟਸ ਫ਼ੀਸ | 400.00 |
| 5. | ਯੁਵਕ ਭਲਾਈ ਫ਼ੀਸ | 80.00 |
| 6. | ਹੋਲੀਡੇ ਹੋਮ ਫ਼ੀਸ (Holiday home Fee) | 55.00 |
| 7. | ਐਨ.ਐਸ.ਐਸ. (N.S.S.) | 80.00 |
| 8. | ਯੂਨੀਵਰਸਿਟੀ ਫਾਰਮ ਫ਼ੀਸ (Univ.Form fee) ਡਿਗਰੀ ਕਲਾਸਾਂ ਲਈ | 100.00 |
| | ਯੂਨੀਵਰਸਿਟੀ ਫਾਰਮ ਫ਼ੀਸ (Univ.Form fee) ਐਮ.ਏ. ਕਲਾਸਾਂ ਲਈ | 100.00 |
| 9. | ਸੀ.ਡੀ.ਐਫ. (C.D.F.) | 100.00 |
| 10. | ਐਕਸਚੇਂਜ ਫ਼ੀਸ (Exchange fee) | 05.00 |
| 11. | ਬਲਾਕ ਐਂਟਰੀ ਫ਼ੀਸ (Block entry fee) | 50.00 |
| 12. | ਸਪੋਰਟਸ ਹੋਸਟਲ ਫ਼ੀਸ | 200.00 |
| 13. | ਪੰਜਾਬੀ ਵਿਕਾਸ ਫੰਡ | 75.00 |
| 14. | ਸਪੋਰਟਸ ਇਨਫਰਾਸਟਰਕਚਰ ਡਿਵੈਲਪਮੈਂਟ ਫ਼ੀਸ | 200.00 |
| 15. | ਸਪੋਰਟਸ ਵਿੰਗ ਫ਼ੀਸ | 100.00 |

**ਨੋਟ: ਯੂਨੀਵਰਸਿਟੀ ਫੀਸਾਂ ਵਿਚ ਬਦਲਾਅ ਕਿਸੇ ਵੀ ਟਾਈਮ ਯੂਨੀਵਰਸਿਟੀ ਵੱਲੋਂ ਕੀਤਾ ਜਾ ਸਕਦਾ ਹੈ।**

## B ਕਾਲਜ ਦੇ ਸਲਾਨਾ ਫੰਡ:

| | | |
|---|---|---|
| 1. | ਮੈਗਜ਼ੀਨ ਫੰਡ | 08.00 |
| 2. | ਹੈਲਥ ਫੰਡ | 10.00 |
| 3. | ਕਾਲਜ ਡੀਲੇਪੀਡੇਸ਼ਨ ਫੰਡ | 06.00 |
| 4. | ਰੈੱਡ ਕਰਾਸ ਫੰਡ | 24.00 |
| 5. | ਫ਼ਰਨੀਚਰ ਫੰਡ | 15.00 |
| 6. | ਬਿਲਡਿੰਗ ਫੰਡ | 15.00 |
| 7. | ਪ੍ਰੀਖਿਆ ਫੰਡ | 12.00 |
| 8. | ਪੰਜਾਬ ਸਟੇਟ ਸਪੋਰਟਸ ਡਿਵੈਲਪਮੈਂਟ ਫੰਡ | 75.00 |
| 9. | ਉਚੇਰੀ ਸਿੱਖਿਆ ਫੰਡ | 10.00 |
| 10. | ਸ਼ਨਾਖਤੀ ਕਾਰਡ ਫੰਡ | 03.00 |
| 11. | ਅਮਲਗਾਮੇਟਿਡ ਫੰਡ | 96.00 |
| 12. | ਸਟੂਡੈਂਟ ਏਡ ਫੰਡ | 05.00 |
| 13. | ਕੰਪਿਊਟਰ ਫ਼ੀਸ | 120.00 |

## C. ਸਾਈਕਲ/ਸਕੂਟਰ ਫ਼ੀਸ (ਜਿਹੜੇ ਵਿਦਿਆਰਥੀ ਸਾਇਕਲ/ਸਕੂਟਰ ਲੈ ਕੇ ਆਉਣਗੇ)

| | | |
|---|---|---|
| 1. | ਸਾਈਕਲ | 24.00 |
| 2. | ਸਕੂਟਰ/ਮੋਟਰ ਸਾਈਕਲ | 60.00 |
| 3. | ਪੁਸਤਕ ਜ਼ਮਾਨਤ ਫ਼ੀਸ (ਬੀ.ਏ, ਬੀ.ਕਾਮ, ਬੀ.ਐਸ.ਸੀ.-I ਦੇ ਵਿਦਿਆਰਥੀ) | 20.00 |
| 4. | ਪੁਸਤਕ ਜ਼ਮਾਨਤ ਫ਼ੀਸ (ਐਮ.ਏ-I ਦੇ ਵਿਦਿਆਰਥੀ) | 30.00 |

## D. ਸਰਕਾਰੀ ਸਾਲਾਨਾ ਫ਼ੀਸ :

| | | |
|---|---|---|
| 1. | ਦਾਖ਼ਲਾ ਫ਼ੀਸ | 10.00 |
| 2. | ਟਿਊਸ਼ਨ ਫ਼ੀਸ:- | |
| | (1) ਬੀ.ਏ./ਬੀ.ਐਸ.ਸੀ./ਬੀ.ਕਾਮ (1-2-3) | 144.00 |
| | (2) ਐਮ.ਏ. (1-2) | 180.00 |
| E. | 1. ਪੀ.ਟੀ.ਏ.ਫੰਡ (ਇਹ ਫੰਡ ਕਿਸੇ ਵੀ ਸਮੇਂ ਮੁੜ ਨਿਰਧਾਰਿਤ ਕੀਤਾ ਜਾ ਸਕਦਾ ਹੈ) | 1700.00 |
| | 2. ਜਨਰੇਟਰ ਫੰਡ | 100.00 |
| F. | 1. ਬਾਹਰਲੀਆਂ ਯੂਨੀਵਰਸਿਟੀਆਂ ਅਤੇ ਬਾਹਰਲੇ ਰਾਜਾਂ ਦੇ ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀ ਲਈ (700+100) ਸਰਟੀਫਿਕੇਟ ਵੈਰੀਫਿਕੇਸ਼ਨ ਫੀਸ ਅਤੇ ਮਾਈਗਰੇਸ਼ਨ ਫ਼ੀਸ | 800.00 |
| | 2. ਪਹਿਲੀ ਵਾਰ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਲਈ ਸਰਟੀਫਿਕੇਟ ਵੈਰੀਫਿਕੇਸ਼ਨ ਫ਼ੀਸ | 700.00 |

## G. ਹੇਠਾਂ ਦਿੱਤੇ ਵਿਸ਼ੇ ਰੱਖਣ ਵਾਲੇ ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਪ੍ਰਯੋਗਸ਼ਾਲਾ ਫ਼ੀਸ :

| ਲੜੀ ਨੰ: | ਸ਼੍ਰੇਣੀ/ਫ਼ੀਸ (ਸਾਲਾਨਾ) ਵਿਸ਼ਾ | ਸ਼੍ਰੇਣੀ ਬੀ.ਐਸ.ਸੀ. (ਮੈਡੀਕਲ) 1-2-3 | ਸ਼੍ਰੇਣੀ ਬੀ.ਐਸ.ਸੀ. (ਨਾਨ-ਮੈਡੀਕਲ) 1-2-3 | ਸ਼੍ਰੇਣੀ ਬੀ.ਏ. 1-2-3 |
|---|---|---|---|---|
| 1. | ਫਿਜ਼ਿਕਸ | ......... | 84 | ......... |
| 2. | ਕੈਮਿਸਟਰੀ | 120 | 120 | ......... |
| 3. | ਬੌਟਨੀ | 84 | ......... | |
| 4. | ਜੁਆਲੋਜੀ | 84 | ......... | ...... |
| 5. | ਜੋਗਰਫ਼ੀ | .......... | ......... | 84 |
| 6. | (a) ਮਿਊਜ਼ਿਕ (ਵਾਦਨ) | .......... | ......... | 84 |
| | (b) ਮਿਊਜ਼ਿਕ (ਗਾਇਨ) | | | 84 |
| 7. | ਹੋਮ ਸਾਇੰਸ | .......... | ......... | 300 |
| 8. | ਫਿਲਾਸਫੀ | .......... | ......... | 84 B.A-I ਤੇ B.A-II ਦੇ ਵਿਦਿਆਰਥੀਆਂ ਲਈ |

*(1) ਲੜਕੀਆਂ ਅਤੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਤੋਂ ਟਿਊਸ਼ਨ ਫ਼ੀਸ ਨਹੀਂ ਲਈ ਜਾਵੇਗੀ।

*(2) ਦੰਗਾਂ ਪੀੜਤ ਜਾਂ ਅਤਿਵਾਦ ਤੋਂ ਪ੍ਰਭਾਵਿਤ ਬੱਚਿਆਂ ਦੀ ਟਿਊਸ਼ਨ ਫ਼ੀਸ ਮਾਫ ਕੀਤੀ ਜਾਵੇਗੀ। ਦੰਗਾ ਪੀੜਤ ਜਾਂ ਅੱਤਵਾਦ ਤੋਂ ਪ੍ਰਭਾਵਿਤ ਬੱਚੇ ਦਾਖਲੇ ਵੇਲੇ ਆਪਣੇ ਲਾਲ ਕਾਰਡ ਦੀ ਕਾਪੀ ਦਾਖ਼ਲੇ ਸਮੇਂ ਨਾਲ ਲੈ ਕੇ ਆਉਣ ਤੇ ਫੋਟੋਕਾਪੀ ਲਗਾਉਣ।

** ਸਾਈਕਲ/ਸਕੂਟਰ ਲੈ ਕੇ ਆਉਣ ਦੇ ਇਛੁੱਕ ਵਿਦਿਆਰਥੀ ਹੀ ਇਹ ਫ਼ੀਸ ਅਦਾ ਕਰਨ। ਇੱਕ ਵਾਰੀ ਜਮ੍ਹਾਂ ਹੋਈ ਫ਼ੀਸ ਵਾਪਿਸ ਨਹੀਂ ਹੋਵੇਗੀ। ਪ੍ਰੰਤੂ ਸਾਇਕਲ/ਸਕੂਟਰ ਲੈ ਕੇ ਆਉਣ ਵਾਲੇ ਅਤੇ ਫ਼ੀਸ ਨਾ ਭਰਨ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

*** ਸਾਰੀਆਂ ਕਲਾਸਾਂ ਲਈ ਯੂਨੀਵਰਸਿਟੀ ਪ੍ਰੀਖਿਆ ਫ਼ੀਸ ਯੂਨੀਵਰਸਿਟੀ ਦੀਆਂ ਹਦਾਇਤਾਂ ਅਤੇ ਮਿਤੀਆਂ ਅਨੁਸਾਰ ਦਾਖਲਾ ਫਾਰਮ ਭਰਨ ਵੇਲੇ ਜਾਂ ਕਾਲਜ ਫ਼ੀਸ ਭਰਾਉਣ ਵੇਲੇ ਲਈ ਜਾਵੇਗੀ।

**** Self Financing Scheme ਅਧੀਨ ਚਲ ਰਹੇ ਕੋਰਸਾਂ ਦੀ ਫ਼ੀਸ Non-refundable (ਨਾ ਵਾਪਸ ਹੋਣ ਵਾਲੀ) ਹੋਵੇਗੀ। ਕਿੱਤਾ ਮੁਖੀ ਕੋਰਸ ਦੀ ਫ਼ੀਸ 100/- ਰੁਪਏ ਪ੍ਰਤੀ ਮਹੀਨਾ ਹੋਵੇਗੀ।

******* ਵਿਦਿਆਰਥੀਆਂ ਤੋਂ ਫ਼ੀਸ ਅਤੇ ਫੰਡ ਸਰਕਾਰ/ਯੂਨੀਵਰਸਿਟੀ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਕੀਤੀ ਦਰ ਅਨੁਸਾਰ ਵਸੂਲੇ ਜਾਣਗੇ।**

# ਸਟਾਫ

## ਪ੍ਰਿੰਸੀਪਲ ਡਾ. ਸਨੇਹ ਲਤਾ ਬਧਵਾਰ M.A Dance, M.A Music (Inst.), Ph.D

### ਪੋਸਟ ਗਰੈਜੂਏਟ ਅੰਗਰੇਜ਼ੀ ਵਿਭਾਗ

1. ਪ੍ਰੋ. ਅਨਿਲ ਕੁਮਾਰ, M.A.,M.Phil.
2. ਪ੍ਰੋ. ਗੁਰਪ੍ਰੀਤ ਕੌਰ, M.A.,B.Ed. (SLET)
3. ਡਾ. ਪੂਜਾ ਗਰਗ, M.A.,M.Phil., Ph.D (NET)
4. ਪ੍ਰੋ. ਮਨਜਿੰਦਰ ਕੌਰ, M.A.,M.Phil., PGCTE
5. ਪ੍ਰੋ. ਆਸ਼ੂਤੋਸ਼ ਸ਼ਰਮਾ, M.A.,P.G.C.T.E, P.G.D.T.E
6. ਪ੍ਰੋ. ਸੁਖਵਿੰਦਰ ਕੌਰ, M.A.,M.Phil., B.Ed, PGDJMC, PGCTE

7-9 ਖਾਲੀ

### ਪੋਸਟ ਗਰੈਜੂਏਟ ਪੰਜਾਬੀ ਵਿਭਾਗ

1. ਡਾ. ਜਗਜੀਤ ਸਿੰਘ, M.A.,M.Phil., Ph.D.
2. ਡਾ. ਚਰਨਜੀਤ ਕੌਰ, M.A., Ph.D.
3. ਪ੍ਰੋ. ਉਪਦੇਸ਼ਦੀਪ ਕੌਰ,M.A. (Hons.),M.Phil.(NET)*
4. ਪ੍ਰੋ. ਜਤਿੰਦਰ ਕੁਮਾਰ M.A. (Punjabi ਅਤੇ Anth. Ling & Pbi. Language) (NET)*

5-12 ਖਾਲੀ

### ਪੋਸਟ ਗਰੈਜੂਏਟ ਰਾਜਨੀਤੀ ਸ਼ਾਸਤਰ ਵਿਭਾਗ:

1. ਪ੍ਰੋ. ਵਿਪਨ ਕੁਮਾਰ, M.A.,M.Phil (NET)*

2-6. ਖਾਲੀ

### ਅਰਥ ਸ਼ਾਸਤਰ ਵਿਭਾਗ

1. ਡਾ. ਸੰਤ ਸੁਰਿੰਦਰਪਾਲ ਸਿੰਘ, M.A.,M.Phil, Ph.D.
2. ਪ੍ਰੋ. ਸੁਖਮਿੰਦਰ ਕੌਰ, M.A.,M.Phil.

### ਭੂਗੋਲ ਵਿਭਾਗ

1. ਪ੍ਰੋ. ਸਵਿਤਾ ਸ਼ਰਮਾ, M.Sc., M.Phil.
2. ਪ੍ਰੋ. ਸ਼ਮਿੰਦਰ ਕੌਰ, M.Sc

3-4. ਖਾਲੀ

### ਹਿੰਦੀ ਵਿਭਾਗ:

1. ਡਾ. ਰੁਪਿੰਦਰ ਕੌਰ, M.A., Ph.D.
2. ਖਾਲੀ

### ਇਤਿਹਾਸ ਵਿਭਾਗ

1. ਪ੍ਰੋ. ਬਿਮਲਜੀਤ ਕੌਰ, M.A., M.Phil.
2. ਪ੍ਰੋ. ਕੁਲਵਿੰਦਰ ਕੌਰ, M.A., M.Phil.
3. ਖਾਲੀ

### ਗ੍ਰਹਿ ਵਿਗਿਆਨ ਵਿਭਾਗ

1. ਡਾ. ਜਸਬੀਰ ਕੌਰ, M.Sc., Ph.D.
2. ਪ੍ਰੋ. ਅਰਵਿੰਦਰ ਕੌਰ, M.Sc., B.Ed., P.G.D. in Nutr. & Diet (NET)*

### ਗਣਿਤ ਵਿਭਾਗ

1. ਪ੍ਰੋ. ਪ੍ਰਤਿਭਾ ਸੈਣੀ, M.Sc., B.Ed., M.Phil
2. ਡਾ. ਦਲਵਿੰਦਰ ਸਿੰਘ, M.Sc., B.Ed., M.Phil, Ph.D*.

### ਸੰਗੀਤ ਵਿਭਾਗ

1. ਡਾ. ਹਰਜਸ ਕੌਰ, M.A. (ਗਾਇਨ), Ph.D.
2. ਖਾਲੀ

### ਦਰਸ਼ਨ ਸ਼ਾਸਤਰ ਵਿਭਾਗ

1. ਖਾਲੀ

### ਸਰੀਰਕ ਸਿੱਖਿਆ ਵਿਭਾਗ

1. ਪ੍ਰੋ. ਸਰਵਜੀਤ ਕੌਰ, M.A., M.Phil, M.P.Ed.

### ਲੋਕ ਪ੍ਰਸ਼ਾਸਨ ਵਿਭਾਗ

1. ਡਾ. ਨਿਰਮਲ ਸਿੰਘ, M.A.,M.Phil.,Ph.D. (NET) *
2. ਖਾਲੀ

## ਸੰਸਕ੍ਰਿਤ ਵਿਭਾਗ

1. ਡਾ. ਕੁਮੁਦ ਲਤਾ ਸ਼ਰਮਾ, M.A.,M.Phil.,Ph.D. (Diploma Prakrit)

## ਕਾਮਰਸ ਵਿਭਾਗ

1. ਪ੍ਰੋ. ਅਨੁਰੀਤ ਭੱਲਾ, M.Com., MBA (Finance)

2-3. ਖਾਲੀ

## ਬਨਸਪਤੀ ਵਿਗਿਆਨ ਵਿਭਾਗ

1. ਪ੍ਰੋ. ਮਨਜੀਤ ਕੌਰ, M.Sc. (Hons), M.Phil.
2. ਖਾਲੀ

## ਰਸਾਇਣ ਵਿਗਿਆਨ ਵਿਭਾਗ:

1. ਪ੍ਰੋ. ਹਰਜੀਤ ਗੁਜਰਾਲ M.Sc.,M.Phil UGC (NET).
2. ਪ੍ਰੋ. ਸੀਮਾ ਸੈਣੀ, M.Sc.,M.Phil.
3. ਪ੍ਰੋ. ਸੁਖਵਿੰਦਰ ਕੌਰ ਮਾਖਨੀ, M.Sc.,M.Phil.

4-6. ਖਾਲੀ

## ਭੌਤਿਕ ਵਿਗਿਆਨ

1. ਪ੍ਰੋ. ਭਗਵੰਤ ਸਿੰਘ ਸਤਿਆਲ, M.Sc.,M.Phil.
2. ਡਾ. ਮੀਰਾ ਰਾਣੀ, M.Sc.,M.Phil, Ph.D.
3. ਪ੍ਰੋ. ਜਤਿੰਦਰ ਸਿੰਘ ਗਿੱਲ, M.Sc.,M.Phil.
4. ਪ੍ਰੋ. ਇੰਦਰਜੀਤ ਸਿੰਘ, M.Sc., B.Ed., M.Phil.
5. ਪ੍ਰੋ. ਦੀਪੇਂਦਰ ਸਿੰਘ,M.Sc.*

## ਜੀਵ ਵਿਗਿਆਨ ਵਿਭਾਗ

1. ਪ੍ਰੋ. ਸਰਬਜੀਤ ਕੌਰ,M.Sc.,B.Ed.,M.Phil.*
2. ਖਾਲੀ

## ਕੰਪਿਊਟਰ ਵਿਭਾਗ

1. ਖਾਲੀ

## ਲਾਇਬਰੇਰੀ ਵਿਭਾਗ

1. ਸ਼੍ਰੀ ਰਾਜੀਵ ਕਾਂਤ, M.A (Pub. Admn.), M.Lib., INF.Sc. Librarian (Add. Charge)
2. ਖਾਲੀ
3. ਸ਼੍ਰੀਮਤੀ ਰਜਿੰਦਰ ਕੌਰ (ਰਿਸਟੋਰਰ)

## ਕਾਲਜ ਬਰਸਰ

1. ਪ੍ਰੋ. ਇੰਦਰਜੀਤ ਸਿੰਘ

## ਹੋਸਟਲ

1. ਡਾ. ਸੰਤ ਸੁਰਿੰਦਰ ਪਾਲ ਸਿੰਘ (ਚੀਫ ਵਾਰਡਨ)
2. ਡਾ. ਨਿਰਮਲ ਸਿੰਘ ਬਰਾੜ (ਵਾਰਡਨ)
3. ਸ਼੍ਰੀ ਜੋਧ ਸਿੰਘ (ਕਲਰਕ)

## ਦਫ਼ਤਰੀ ਅਮਲਾ

1. ਸ਼੍ਰੀ ਤ੍ਰਿਸ਼ਨਪਾਲ ਸਿੰਘ (ਸੁਪਰਡੈਂਟ)
2. ਸ. ਹਰਮੋਹਨ ਸਿੰਘ (ਜੂਨੀਅਰ ਸਹਾਇਕ)
3. ਸ਼੍ਰੀ ਕਰੁਣ ਕੁਮਾਰ (ਸਟੈਨੋ)
4. ਸ਼੍ਰੀ ਸੰਜੀਵ ਕੁਮਾਰ (ਕਲਰਕ)
5. ਸ਼੍ਰੀਮਤੀ ਰੇਖਾ ਸ਼ਾਹੀ

6-7. ਖਾਲੀ

## ਪ੍ਰਯੋਗਸ਼ਾਲਾ ਅਮਲਾ

1. ਸ਼੍ਰੀ ਗੁਰਨਾਮ ਸਿੰਘ (ਸੀਨੀਅਰ ਲੈਕਚਰਾਰ ਅਸਿਸਟੈਂਟ)
2. ਸ਼੍ਰੀ ਰਣਜੀਤ ਸਿੰਘ (ਸੀਨੀਅਰ ਲੈਕਚਰਾਰ ਅਸਿਸਟੈਂਟ)
3. ਸ਼੍ਰੀ ਅਮਰਜੀਤ ਸਿੰਘ (ਸੀਨੀਅਰ ਲੈਕਚਰਾਰ ਅਸਿਸਟੈਂਟ)
4. ਸ਼੍ਰੀਮਤੀ ਕਰਮਜੀਤ ਕੌਰ (ਸੀਨੀਅਰ ਲੈਕਚਰਾਰ ਅਸਿਸਟੈਂਟ)

1. ਸ਼੍ਰੀ ਸੰਜੀਵ ਕੁਮਾਰ (ਜੂਨੀਅਰ ਲੈਕਚਰਾਰ ਅਸਿਸਟੈਂਟ)

2-8 ਖਾਲੀ

1. ਸ਼੍ਰੀ ਜੋਧ ਸਿੰਘ (ਸੀਨੀ.ਲੈਬ.ਅਟੈਂਡੈਂਟ)
2. ਸ਼੍ਰੀ ਰਾਮ ਸਰੂਪ (ਸੀਨੀ.ਲੈਬ.ਅਟੈਂਡੈਂਟ)
3. ਸ਼੍ਰੀ ਸੋਹਨ ਲਾਲ (ਸੀਨੀ.ਲੈਬ.ਅਟੈਂਡੈਂਟ)
4. ਸ਼੍ਰੀ ਸੁਰਮੁਖ ਸਿੰਘ (ਸੀਨੀ.ਲੈਬ.ਅਟੈਂਡੈਂਟ)
5. ਸ਼੍ਰੀ ਜਗਦੀਸ਼ ਰਾਮ (ਸੀਨੀ.ਲੈਬ.ਅਟੈਂਡੈਂਟ)
6. ਖਾਲੀ

1. ਸ਼੍ਰੀ ਰਜਿੰਦਰ ਸਿੰਘ (ਗੈਸ ਮੈਨ)

* ਇਨ੍ਹਾਂ ਪੋਸਟਾਂ ਤੇ ਪਾਰਟ-ਟਾਇਮ ਲੈਕਚਰਾਰ ਕੰਮ ਕਰ ਰਹੇ ਹਨ।

# ਕਾਲਜ ਦੇ ਹੋਰ ਮਹੱਤਵਪੂਰਨ ਅਹੁਦੇ

1. ਕਾਲਜ ਬਰਸਰ– ਪ੍ਰੋ. ਇੰਦਰਜੀਤ ਸਿੰਘ
2. ਡੀਨ ਵਿਦਿਆਰਥੀ ਭਲਾਈ– ਪ੍ਰੋ. ਅਨਿਲ ਕੁਮਾਰ, ਪ੍ਰੋ. ਜਤਿੰਦਰ ਸਿੰਘ ਗਿੱਲ
3. ਸੀਨੀਅਰ ਟਿਊਟਰ– ਡਾ. ਜਸਬੀਰ ਕੋਰ
4. ਰਜਿਸਟਰਾਰ ਘਰੇਲੂ ਪ੍ਰੀਖਿਆਵਾਂ– ਡਾ. ਜਸਬੀਰ ਕੋਰ
5. ਇੰਚਾਰਜ ਟਾਈਮ ਟੇਬਲ–ਪ੍ਰੋ. ਅਨਿਲ ਕੁਮਾਰ (ਆਰਟਸ), ਪ੍ਰੋ. ਇੰਦਰਜੀਤ ਸਿੰਘ (ਸਾਇੰਸ), ਪ੍ਰੋ. ਅਨੂਰੀਤ ਭੱਲਾ (ਕਾਮਰਸ)
6. ਚੀਫ ਵਾਰਡਨ– ਡਾ. ਸੰਤ ਸੁਰਿੰਦਰ ਪਾਲ ਸਿੰਘ
7. ਇੰਚਾਰਜ ਵਿਸ਼ਾ ਬਦਲੀ– ਪ੍ਰੋ. ਅਨਿਲ ਕੁਮਾਰ, ਡਾ. ਸੰਤ ਸੁਰਿੰਦਰ ਪਾਲ ਸਿੰਘ, ਡਾ. ਹਰਜਸ ਕੌਰ,
8. ਇੰਚਾਰਜ ਗਰੀਬ ਵਿਦਿਆਰਥੀ ਸਹਾਇਤਾ–ਡਾ. ਰੁਪਿੰਦਰ ਕੌਰ
9. ਇੰਚਾਰਜ ਸਭਿਆਚਾਰਕ ਗਤੀਵਿਧੀਆਂ–ਪ੍ਰੋ. ਜਤਿੰਦਰ ਸਿੰਘ ਗਿੱਲ
10. ਐਨ.ਸੀ.ਸੀ. ਇੰਚਾਰਜ–ਡਾ. ਸੰਤ ਸੁਰਿੰਦਰ ਪਾਲ ਸਿੰਘ
11. ਯੂ.ਜੀ.ਸੀ.– ਪ੍ਰੋ. ਸੀਮਾ ਸੈਣੀ
12. ਇਕੂਅਲ ਅਪਰਚੁਨਟੀ ਸੈਲ– ਪ੍ਰੋ. ਸਵਿਤਾ ਸ਼ਰਮਾ
13. ਆਈ.ਕਯੂ.ਏ.ਸੀ– ਪ੍ਰੋ. ਸਵਿਤਾ ਸ਼ਰਮਾ
14. ਐਨ.ਐਸ.ਐਸ. (ਲੜਕੇ)– ਪ੍ਰੋ. ਜਤਿੰਦਰ ਸਿੰਘ ਗਿੱਲ, ਡਾ. ਨਿਰਮਲ ਸਿੰਘ, ਡਾ. ਦਲਵਿੰਦਰ ਸਿੰਘ
15. ਐਨ.ਐਸ.ਐਸ. (ਲੜਕੀਆਂ)– ਪ੍ਰੋ: ਸ਼ਮਿੰਦਰ ਕੌਰ, ਪ੍ਰੋ. ਸਰਬਜੀਤ ਕੌਰ, ਪ੍ਰੋ. ਅਰਵਿੰਦਰ ਕੌਰ
16. ਇੰਚਾਰਜ ਵਜ਼ੀਫ਼ੇ– ਪ੍ਰੋ. ਬਿਮਲਜੀਤ ਕੌਰ (ਕਨਵੀਨਰ), ਡਾ. ਕੁਮੁਦ ਲਤਾ ਸ਼ਰਮਾ (ਕੋ.ਕਨਵੀਨਰ)
17. ਸ਼ਿਕਾਇਤ ਨਿਵਾਰਣ ਕਮੇਟੀ– ਪ੍ਰੋ. ਸਵਿਤਾ ਸ਼ਰਮਾ, ਡਾ. ਜਸਬੀਰ ਕੌਰ
18. ਕੈਰੀਅਰ ਗਾਈਡੈਂਸ– ਪ੍ਰੋ. ਹਰਜੀਤ ਗੁਜਰਾਲ
19. ਪੀ.ਟੀ.ਏ.– ਪ੍ਰੋ. ਜਤਿੰਦਰ ਸਿੰਘ ਗਿੱਲ
20. ਵਿਮੈਨ ਸੈਲ– ਪ੍ਰੋ. ਹਰਜੀਤ ਗੁਜਰਾਲ
21. ਸੈਲਫ ਫਾਇਨਾਂਸਿੰਗ ਕੋਰਸ– ਪ੍ਰੋ. ਭਗਵੰਤ ਸਿੰਘ ਸਤਿਆਲ, ਪ੍ਰੋ. ਅਨੂਰੀਤ ਭੱਲਾ
22. ਰੈਮੀਡੀਅਲ ਕਲਾਸਾਂ– ਪ੍ਰੋ. ਪ੍ਰਤਿਭਾ ਸੈਣੀ
23. ਕੋਚਿੰਗ ਕਲਾਸਾਂ ਫਾਰ ਏਨਟਰੀ ਇਨਟੂ ਸਰਵਿਸ– ਪ੍ਰੋ. ਗੁਰਪੀਤ ਕੌਰ, ਪ੍ਰੋ. ਆਸ਼ੂਤੋਸ਼
24. ਨੈਟਵਰਕ ਰਿਸੋਰਸ ਸੈਂਟਰ– ਪ੍ਰੋ. ਜਤਿੰਦਰ ਸਿੰਘ ਗਿੱਲ
25. ਇੰਚਾਰਜ ਬੱਸ ਪਾਸ– ਪ੍ਰੋ. ਕੁਲਵਿੰਦਰ ਕੌਰ, ਪ੍ਰੋ. ਅਨੂਰੀਤ ਭੱਲਾ
26. ਸਾਇਕਲ/ਸਕੂਟਰ ਸਟੈਂਡ ਕਮੇਟੀ– ਪ੍ਰੋ. ਆਸ਼ੂਤੋਸ਼
27. ਕੰਟੀਨ– ਡਾ. ਸੰਤ ਸੁਰਿੰਦਰ ਪਾਲ ਸਿੰਘ, ਡਾ. ਜਸਬੀਰ ਕੌਰ, ਪ੍ਰੋ. ਮਨਜੀਤ ਮਨਚੰਦਾ
28. ਬਿਲਡਿੰਗ– ਡਾ. ਸੰਤ ਸੁਰਿੰਦਰ ਪਾਲ ਸਿੰਘ, ਪ੍ਰੋ. ਭਗਵੰਤ ਸਿੰਘ ਸਤਿਆਲ, ਪ੍ਰੋ. ਜਤਿੰਦਰ ਸਿੰਘ ਗਿੱਲ
29. ਕਾਲਜ ਪ੍ਰਾਪਟੀ ਇੰਚਾਰਜ– ਡਾ. ਦਲਵਿੰਦਰ ਸਿੰਘ
30. ਯੁਵਕ ਸੇਵਾਵਾਂ ਕਲੱਬ–ਪ੍ਰੋ ਜਤਿੰਦਰ ਕੁਮਾਰ (ਕੁਆਰਡੀਨੇਟਰ)
31. ਐਂਟੀ ਰੈਗਿੰਗ ਸੈਲ– ਪ੍ਰੋ. ਮਨਜੀਤ ਕੌਰ ਮਨਚੰਦਾ
32. ਵੂਮੇਨ ਸੈਕਸ਼ੂਅਲ ਹਰਾਸਮੈਂਟ ਸੈਲ–ਪ੍ਰੋ. ਮਨਜੀਤ ਕੌਰ ਮਨਚੰਦਾ
33. ਲਾਇਬ੍ਰੇਰੀ ਅਡਵਾਇੰਜ਼ਰੀ ਕਮੇਟੀ– ਪ੍ਰੋ. ਅਨਿਲ ਕੁਮਾਰ

# ਦਾਖ਼ਲਾ ਨਿਯਮ

1. ਹਰ ਇਕ ਸ਼੍ਰੇਣੀ ਵਿਚ ਦਾਖ਼ਲਾ ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਮੈਰਿਟ ਦੇ ਆਧਾਰ 'ਤੇ ਹੀ ਦਿੱਤਾ ਜਾਵੇਗਾ।
2. ਦਾਖ਼ਲੇ ਲਈ ਅਰਜ਼ੀਆਂ ਲੈਣ ਦੀ ਆਖ਼ਰੀ ਮਿਤੀ ਹਰੇਕ ਕਲਾਸ ਲਈ ਨਿਰਧਾਰਤ ਹੈ ਅਤੇ ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਰੱਦ ਕੀਤੀਆਂ ਜਾ ਸਕਦੀਆਂ ਹਨ।
3. ਦਾਖ਼ਲਾ ਲੈਣ ਸਮੇਂ ਅਸਲ (Original) ਸਰਟੀਫਿਕੇਟ ਵਿਖਾਉਣ ਲਈ ਨਾਲ ਲੈ ਕੇ ਆਉਣੇ ਜ਼ਰੂਰੀ ਹਨ।
4. ਦਾਖ਼ਲਾ ਫਾਰਮ ਦੇ ਨਾਲ ਹੇਠਾਂ ਲਿਖੇ **ਦਸਤਾਵੇਜ਼ ਨੱਥੀ** ਹੋਣੇ ਚਾਹੀਦੇ ਹਨ:
   **ੳ) ਮੈਟ੍ਰਿਕ ਅਤੇ ਉਸ ਤੋਂ ਬਾਅਦ ਪਾਸ ਕੀਤੀਆਂ ਸਾਰੀਆਂ ਪ੍ਰੀਖਿਆਵਾਂ ਦੇ ਤਸਦੀਕ ਸ਼ੁਦਾ ਸਰਟੀਫਿਕੇਟ ਦੀਆਂ ਕਾਪੀਆਂ।**
   **ਅ) ਪਿਛਲੇ ਅਦਾਰੇ (Institution last attended) ਦੇ ਮੁਖੀ ਤੋਂ ਚੰਗੇ ਆਚਰਣ ਦਾ ਪ੍ਰਮਾਣ-ਪੱਤਰ।**
   **ੲ) ਪਾਸਪੋਰਟ ਸਾਈਜ਼ ਦੀਆਂ ਤਿੰਨ ਤਾਜ਼ਾ ਤਸਵੀਰਾਂ। (ਲੋੜ ਅਨੁਸਾਰ ਬੱਸ ਪਾਸ ਲਈ ਤਿੰਨ ਅਤੇ ਹੋਸਟਲ ਫਾਰਮ ਲਈ ਇੱਕ ਫੋਟੋ ਹੋਰ)**
   **ਸ) ਪ੍ਰਾਈਵੇਟ ਤੌਰ ਤੇ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਆਪਣੇ ਆਚਰਣ ਦਾ ਪ੍ਰਮਾਣ ਪੱਤਰ ਯੋਗ ਅਧਿਕਾਰੀ ਤੋਂ ਤਸਦੀਕ ਕਰਵਾ ਕੇ ਦੇਣ।**
   **ਹ) ਦੋ ਲਿਫਾਫੇ Self Addressed Stamped (ਪੰਜ ਰੁਪਏ ਦੀ ਟਿਕਟ ਲੱਗੇ)**
   **ਕ) ਬਲੱਡ ਗਰੁੱਪ ਸਬੰਧੀ ਸਰਟੀਫਿਕੇਟ ਲੈਬ, ਡਾਕਟਰ ਪਾਸੋਂ ਜਾਰੀ ਕਰਵਾ ਕੇ ਨੱਥੀ ਕਰਨਾ ਜ਼ਰੂਰੀ ਹੈ।**
   **ਖ) ਐਡਮਿਟ ਕਾਰਡ ਸਟੈਂਪ ਸਾਈਜ ਫੋਟੋ ਲਗਾ ਕੇ ਫਾਰਮ ਦੇ ਨਾਲ ਨੱਥੀ ਕਰਕੇ ਜਮਾਂ ਕਰਵਾਇਆ ਜਾਵੇ।**
5. ਦਾਖ਼ਲਾ ਮਿਲਣ ਤੇ ਫ਼ੀਸ ਦੀ ਰਕਮ ਮੌਕੇ ਤੇ ਹੀ ਜਮ੍ਹਾਂ ਕਰਵਾਉਣੀ ਪਵੇਗੀ ਨਹੀਂ ਤਾਂ ਉਹ ਸੀਟ ਅਗਲੇ ਉਮੀਦਵਾਰ ਨੂੰ ਦੇ ਦਿੱਤੀ ਜਾਵੇਗੀ ਅਤੇ ਪਹਿਲੇ ਉਮੀਦਵਾਰ ਦੇ ਦਾਖ਼ਲੇ ਦਾ ਹੱਕ ਰੱਦ ਹੋ ਜਾਵੇਗਾ।
6. ਉਮਰ ਤੇ ਮੈਰਿਟ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।
7. ਯੂਨੀਵਰਸਿਟੀ ਜਾਂ ਬੋਰਡ ਵਲੋਂ ਲੇਟ ਨਤੀਜੇ ਨਿਕਲਣ ਦੀ ਸੂਰਤ ਵਿੱਚ ਉਮੀਦਵਾਰ ਬਿਨਾਂ ਕਿਸੇ ਲੇਟ ਫ਼ੀਸ ਤੇ ਨਤੀਜਾ ਨਿਕਲਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਦਾਖ਼ਲਾ ਲੈ ਸਕਦੇ ਹਨ। ਦਿਨਾਂ ਦੀ ਗਿਣਤੀ ਨਤੀਜਾ ਕਾਰਡ ਉਤੇ ਦਿੱਤੀ ਮਿਤੀ ਤੋਂ ਕੀਤੀ ਜਾਵੇਗੀ। ਇਹ ਪੁਨਰ-ਮੁਲਾਂਕਣ ਤੇ ਵੀ ਲਾਗੂ ਹੋਵੇਗੀ। (ਇਸ ਲਈ ਆਖਰੀ ਪੰਨਾ ਵੇਖੋ ਜੀ)
8. ਅਨੁਸੂਚਿਤ ਜਾਤੀ ਜਾਂ ਪੱਛੜੀ ਜਾਤੀ ਦੇ ਉਮੀਦਵਾਰ ਦਾਖ਼ਲਾ ਫਾਰਮ ਦੇ ਨਾਲ ਐਸ. ਡੀ.ਓ (ਸਿਵਲ) ਤੋਂ ਪ੍ਰਾਪਤ ਜਾਤੀ ਦਾ ਸਰਟੀਫਿਕੇਟ ਨੱਥੀ ਕਰਨਗੇ। SC/BC ਵਿਦਿਆਰਥੀਆਂ ਦੀਆਂ ਸੀਟਾਂ ਨਿਯਮਾਂ ਮੁਤਾਬਕ ਰਿਜ਼ਰਵ ਹੋਣਗੀਆਂ।
9. ਆਮ ਤੌਰ ਤੇ ਕਿਸੇ ਜਮਾਤ ਵਿਚ ਫ਼ੇਲ੍ਹ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
10. ਕਿਸੇ ਵੀ ਹੋਰ ਯੂਨੀਵਰਸਿਟੀ/ਬੋਰਡ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਦਾਖ਼ਲਾ ਲੈਣ ਸਮੇਂ ਨਿਮਨ ਅੰਕਿਤ ਦਸਤਾਵੇਜ਼ ਪੇਸ਼ ਕਰਨੇ ਜ਼ਰੂਰੀ ਹਨ:
    ੳ) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਪਾਤਰਤਾ ਸਰਟੀਫਿਕੇਟ।
    ਅ) ਅੰਤਰ ਯੂਨੀਵਰਸਿਟੀ/ਬੋਰਡ ਤੋਂ ਪ੍ਰਵਾਨਤ ਮਾਈਗਰੇਸ਼ਨ ਸਰਟੀਫਿਕੇਟ।
    ੲ) ਮੌਲਿਕ ਬਿਊਰੇਵਾਰ ਅੰਕ (ਡਿਟੇਲ ਮਾਰਕਸ) ਸਰਟੀਫਿਕੇਟ।
11. ਝੂਠੇ ਹਲਫ਼ੀਆ ਬਿਆਨ ਦੇ ਆਧਾਰ ਤੇ ਲਿਆ ਗਿਆ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
    ੳ) ਗੈਪ ਤੇ ਫ਼ੇਲ੍ਹ ਵਿਦਿਆਰਥੀਆਂ ਨੂੰ ਦਾਖ਼ਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਸਾਰੇ ਦਾਖ਼ਲੇ ਆਰਜ਼ੀ ਰੂਪ ਵਿੱਚ ਯੂਨੀਵਰਸਿਟੀ ਵਲੋਂ ਅੰਤਿਮ ਪ੍ਰਵਾਨਗੀ ਤੇ ਹੀ ਹੋਣਗੇ।
    ਅ) ਜੇਕਰ ਯੂਨੀਵਰਸਿਟੀ ਕਿਸੇ ਵਿਦਿਆਰਥੀ ਦੇ ਦਾਖ਼ਲੇ ਦੀ ਪ੍ਰਵਾਨਗੀ ਨਹੀਂ ਭੇਜਦੀ ਤਾਂ ਭਾਵੇਂ ਪ੍ਰਵਾਨਗੀ ਨਾ ਮਿਲਣ ਦਾ ਕਾਰਨ ਕੋਈ ਵੀ ਹੋਵੇ, ਇਸ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਉਦਾਹਰਣ ਵਜੋਂ ਪ੍ਰਵਾਨਗੀ ਨਾ ਮਿਲਣ ਦਾ ਕਾਰਨ ਅਧੂਰੀ ਜਾਣਕਾਰੀ, ਜ਼ਰੂਰੀ ਤੱਥਾਂ, ਅਧੂਰੇ/ਝੂਠੇ ਸਰਟੀਫਿਕੇਟਾਂ/ਸੰਨਦ ਜਾਂ ਗ਼ਲਤ ਵਿਸ਼ਾ ਚੋਣ ਆਦਿ ਕੁਝ ਵੀ ਹੋ ਸਕਦਾ ਹੈ।
    ੲ) ਮਾਪਿਆਂ/ਸਰਪ੍ਰਸਤ/ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪਾਤਰਤਾ ਬਾਰੇ ਪਹਿਲਾਂ ਹੀ ਦਫਤਰ ਤੋਂ ਪੁੱਛ-ਗਿੱਛ

ਕਰਕੇ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਜੋ ਬਾਅਦ ਵਿੱਚ ਨਕਾਰਣ ਅਤੇ ਹੋਰ ਦਿੱਕਤਾਂ ਤੋਂ ਬਚਿਆ ਜਾ ਸਕੇ।

ਸ) ਸਬੰਧਿਤ ਜਮਾਤ ਲਈ ਯੂਨੀਵਰਸਿਟੀ ਦੁਆਰਾ ਨਿਰਧਾਰਿਤ ਸਿਲੇਬਸ ਵਿੱਚ ਦਰਜ ਸਾਰੇ ਨਿਯਮਾਂ/ਸ਼ਰਤਾਂ ਨੂੰ ਪੂਰਾ ਕਰਨ ਦੀ ਮੁਕੰਮਲ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ। ਇੱਥੇ ਇਹ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤਾ ਜਾਂਦਾ ਹੈ ਕਿ ਵਿੱਦਿਅਕ-ਸਾਲ ਦੌਰਾਨ ਕਿਸੇ ਵੀ ਸਮੇਂ ਯੂਨੀਵਰਸਿਟੀ ਵਲੋਂ ਦਾਖ਼ਲੇ ਦੀ ਪ੍ਰਵਾਨਗੀ ਨਾ ਮਿਲਣ ਤੇ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।

ਹ) ਵਿਦਿਆਰਥੀ, ਮਾਤਾ-ਪਿਤਾ ਅਤੇ ਸਰਪ੍ਰਸਤ ਨੂੰ ਕਾਲਜ ਨਾਲ ਸੰਪਰਕ ਰੱਖਣਾ ਜ਼ਰੂਰੀ ਹੋਵੇਗਾ।

ਕ) ਨੋਟਿਸ ਬੋਰਡ ਤੇ ਲੱਗੀਆਂ ਸੂਚਨਾਵਾਂ ਪੜ੍ਹਨ ਤੇ ਉਹਨਾਂ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।

12. ਪੁਨਰ-ਮੁਲਾਂਕਣ ਦੇ ਨਤੀਜੇ ਦੇ ਆਧਾਰ ਤੇ ਅਗਲੀ ਕਲਾਸ ਲਈ ਦਾਖ਼ਲੇ ਦੇ ਪਾਤਰ ਵਿਦਿਆਰਥੀਆਂ ਦੇ ਲੇਟ ਦਾਖ਼ਲੇ ਸਬੰਧੀ ਸੂਚਨਾ:-

ੳ) ਕੇਵਲ ਸਲਾਨਾ ਪ੍ਰੀਖਿਆਵਾਂ ਦੇ ਪੁਨਰ-ਮੁਲਾਂਕਣ ਦੇ ਨਤੀਜੇ ਤੋਂ ਬਾਅਦ ਅਗਲੀ ਜਮਾਤ ਵਿੱਚ ਦਾਖ਼ਲੇ ਦੇ ਪਾਤਰ ਵਿਦਿਆਰਥੀਆਂ ਨੂੰ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਦੇ 10 ਦਿਨ ਦੇ ਅੰਦਰ-ਅੰਦਰ ਬਿਨਾਂ ਲੇਟ ਫ਼ੀਸ ਤੋਂ ਹੀ ਦਾਖ਼ਲਾ ਮਿਲ ਸਕਦਾ ਹੈ ਜੇਕਰ ਉਸ ਕਲਾਸ ਵਿੱਚ ਸੀਟ ਉਪਲਬਧ ਹੈ ਅਤੇ ਅਜਿਹੇ ਵਿਦਿਆਰਥੀਆਂ ਦੇ ਲੈਕਚਰ ਦਾਖ਼ਲੇ ਦੀ ਮਿਤੀ ਤੋਂ ਯੂਨੀਵਰਸਿਟੀ ਨਿਯਮਾਂ ਮੁਤਾਬਿਕ ਗਿਣੇ ਜਾਣਗੇ।

## ਰਾਖਵੀਆਂ ਸੀਟਾਂ ਦਾ ਵੇਰਵਾ

ਪੰਜਾਬ ਸਰਕਾਰ ਦੇ ਆਦੇਸ਼ਾਂ ਤੇ ਨਿਯਮਾਂ ਅਨੁਸਾਰ ਨਵੇਂ ਵਿਦਿਆਰਥੀਆਂ ਲਈ ਰਾਖਵੀਆਂ ਸੀਟਾਂ ਦਾ ਵੇਰਵਾ ਇਸ ਪ੍ਰਕਾਰ ਹੈ:

| | | |
|---|---|---|
| 1. | ਅਨੁਸੂਚਿਤ ਜਾਤੀਆਂ/ਜਨਜਾਤੀ | 25% |
| 2. | ਪਛੜੀਆਂ ਸ਼੍ਰੇਣੀਆਂ/ਓ.ਬੀ.ਸੀ | 5% |
| 3. | ਬਾਰਡਰ ਏਰੀਆ/ਪਛੜਿਆ ਇਲਾਕਾ | 4% (2% ਪ੍ਰਤੀ) |
| 4. | ਖਿਡਾਰੀ | 2% |
| 5. | ਸੁਤੰਤਰਤਾ ਸੰਗਰਾਮੀ, ਰਾਜਨੀਤਕ ਪੀੜਤ | 2% |
| 6. | ਅਪੰਗ ਵਿਅਕਤੀ<br>(ਅੰਨ੍ਹੇ 1%, ਗੁੰਗੇ 1%, ਦੂਸਰੇ ਅਪੰਗ 1%) | 3% |
| 7. | ਫੌਜੀਆਂ ਦੇ ਬੱਚੇ/ਵਿਧਵਾਵਾਂ | 2% |
| 8. | ਨੀਮ ਫੌਜੀਆਂ ਦੇ ਬੱਚੇ/ਵਿਧਵਾਵਾਂ | 2% |
| 9. | ਦੰਗਾ ਪੀੜਤ | 2% |
| 10. | ਵਿਧਵਾ/ ਤਲਾਕ ਸ਼ੁਦਾ ਔਰਤਾਂ | 2% |

# ਦਾਖ਼ਲਾ ਪ੍ਰਾਪਤ ਕਰਨ ਪਿੱਛੋਂ ਧਿਆਨ ਰੱਖਣ ਯੋਗ ਗੱਲਾਂ

## ਸ਼ਨਾਖਤੀ ਕਾਰਡ:-

ਸ਼ਨਾਖਤੀ ਕਾਰਡ ਵਿਦਿਆਰਥੀ ਨੂੰ ਹਰ ਰੋਜ਼ ਕਾਲਜ ਆਉਣ ਸਮੇਂ ਆਪਣੇ ਨਾਲ ਲਿਆਉਣਾ ਹੋਵੇਗਾ ਅਤੇ ਉਸ ਨੂੰ ਗਲੇ ਵਿੱਚ ਪਾਉਣਾ ਲਾਜ਼ਮੀ ਹੋਵੇਗਾ। ਸਬੰਧਤ ਅਧਿਕਾਰੀ/ਅਧਿਕਾਰੀਆਂ ਦੁਆਰਾ ਮੰਗਣ ਤੇ ਵਿਖਾਉਣਾ ਹੋਵੇਗਾ। ਸ਼ਨਾਖ਼ਤੀ ਕਾਰਡ ਨਾ ਦਿਖਾਉਣ ਦੀ ਹਾਲਤ ਵਿੱਚ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਅਤੇ ਜ਼ੁਰਮਾਨਾ ਵੀ ਕੀਤਾ ਜਾਵੇਗਾ।

## ਬੱਸ ਪਾਸ:-

1. ਬੱਸ ਪਾਸ ਕੇਵਲ ਉਹਨਾਂ ਵਿਦਿਆਰਥੀਆਂ ਨੂੰ ਹੀ ਜਾਰੀ ਕੀਤੇ ਜਾਣਗੇ, ਜਿਹੜੇ ਹੋਸਟਲ ਵਿੱਚ ਨਾ ਰਹਿੰਦੇ ਹੋਣ।
2. ਬੱਸ ਪਾਸ ਦਾ ਫਾਰਮ, ਦਾਖ਼ਲੇ ਵੇਲੇ ਹੀ ਭਰਿਆ ਜਾਣਾ ਹੈ, ਇਸ ਲਈ ਇਛੁੱਕ ਉਮੀਦਵਾਰ ਪਾਸਪੋਰਟ ਸਾਈਜ਼ ਦੀਆਂ ਤਿੰਨ ਵਧੀਕ ਤਸਵੀਰਾਂ ਲੈ ਕੇ ਆਉਣ।
3. ਚੰਡੀਗੜ੍ਹ ਸਾਈਡ ਵੱਲ ਖਰੜ ਤੋਂ ਪਾਰ ਦਾ ਬੱਸ ਪਾਸ ਨਹੀਂ ਬਣਾਇਆ ਜਾਵੇਗਾ।

## ਸਾਈਕਲ/ਮੋਪੇਡ/ਸਕੂਟਰ/ਮੋਟਰ ਸਾਈਕਲ ਆਦਿ ਲਈ ਸ਼ੈੱਡ:-

ਫ਼ੀਸ ਦਿੱਤੇ ਬਿਨਾ, ਅਣ-ਅਧਿਕਾਰਤ ਤੌਰ ਤੇ ਜੇ ਕੋਈ ਵਿਦਿਆਰਥੀ ਆਪਣਾ ਸਕੂਟਰ ਜਾਂ ਸਾਈਕਲ, ਸ਼ੈੱਡ ਵਿੱਚ ਰੱਖੇਗਾ ਤਾਂ ਉਸ ਤੋਂ ਪੂਰੇ ਸਾਲ ਦੀ ਫ਼ੀਸ ਤੋਂ ਇਲਾਵਾ 100/- ਰੁਪਏ ਤੱਕ ਦਾ ਜੁਰਮਾਨਾ ਵਸੂਲ ਕੀਤਾ ਜਾਵੇਗਾ ਅਤੇ ਵਾਹਨ ਵੀ ਜ਼ਬਤ ਕੀਤਾ ਜਾ ਸਕਦਾ ਹੈ।
**ਨੋਟ:** ਲੜਕੇ ਆਪਣੇ ਵਾਹਨ ਕਾਲਜ ਹੋਸਟਲ ਦੇ ਸਾਹਮਣੇ ਬਣੇ ਸ਼ੈੱਡ ਵਿੱਚ ਖੜ੍ਹੇ ਕਰਨਗੇ। ਲੜਕੀਆਂ ਲਈ ਸ਼ੈੱਡ ਕਾਲਜ ਦੇ ਅੰਦਰ ਹੈ।

## ਛੁੱਟੀ ਦੇ ਨਿਯਮ:-

1. ਛੁੱਟੀ ਲੈਣ ਲਈ ਵਿਦਿਆਰਥੀ ਨਿਸ਼ਚਿਤ ਫਾਰਮ ਤੇ ਅਰਜ਼ੀ ਦੇ ਕੇ ਛੁੱਟੀ ਜਾਣ ਤੋਂ ਪਹਿਲਾਂ ਆਪਣੇ Tutor ਤੋਂ ਮਨਜ਼ੂਰ ਕਰਵਾ ਕੇ (ਪਰ 7 ਦਿਨਾਂ ਤੋਂ ਵੱਧ ਦੀ ਛੁੱਟੀ Tutor ਦੀ ਸਿਫਾਰਿਸ਼ ਨਾਲ ਪ੍ਰਿੰਸੀਪਲ ਤੋਂ ਮਨਜ਼ੂਰ ਕਰਵਾ ਕੇ) ਕਲਰਕ ਨੂੰ ਦੇ ਕੇ ਜਾਣ। ਬਿਮਾਰੀ ਦੀ ਹਾਲਤ ਵਿੱਚ ਮੈਡੀਕਲ ਸਰਟੀਫਿਕੇਟ ਨਾਲ ਦੇਣਾ ਜ਼ਰੂਰੀ ਹੈ।
2. ਹੋਸਟਲ ਵਿੱਚ ਰਹਿੰਦੇ ਵਿਦਿਆਰਥੀ ਹੋਸਟਲ ਸੁਪਰਡੈਂਟ ਤੋਂ ਅਤੇ ਸ਼ਹਿਰ ਵਿੱਚ ਰਹਿਣ ਵਾਲੇ ਵਿਦਿਆਰਥੀ, ਮਾਤਾ/ਪਿਤਾ/ਸਰਪ੍ਰਸਤ ਤੋਂ ਹਸਤਾਖ਼ਰ ਕਰਵਾ ਕੇ ਅਰਜ਼ੀ ਦੇਣ।

**ਨੋਟ:-** ਛੁੱਟੀ ਦੌਰਾਨ ਕੇਵਲ ਗ਼ੈਰ-ਹਾਜ਼ਰੀ ਜੁਰਮਾਨਾ ਹੀ ਮੁਆਫ਼ ਹੋਵੇਗਾ, ਲੈਕਚਰਾਂ ਦੀ ਘਾਟ ਪੂਰੀ ਕਰਨਾ ਵਿਦਿਆਰਥੀਆਂ ਦੀ ਆਪਣੀ ਜ਼ਿੰਮੇਵਾਰੀ ਹੈ।

## ਹਾਜ਼ਰੀਆਂ/ਦੁਬਾਰਾ ਦਾਖ਼ਲੇ ਸੰਬੰਧੀ:- ਕਾਲਜ ਵਿਚ ਵਿਦਿਆਰਥੀਆਂ ਦੀ ਹਾਜ਼ਰੀ ਆਨ ਲਾਇਨ ਹੋ ਚੁਕੀ ਹੈ। 75% ਹਾਜ਼ਰੀ ਹੋਣਾ ਲਾਜ਼ਮੀ ਹੈ।

ਜਿਹੜਾ ਵਿਦਿਆਰਥੀ ਫ਼ੀਸ ਜਮ੍ਹਾਂ ਕਰਵਾ ਦਿੰਦਾ ਹੈ ਪਰ ਲਗਾਤਾਰ 10 ਦਿਨ ਕਲਾਸਾਂ ਨਹੀਂ ਲਗਾਉਂਦਾ ਤਾਂ ਉਸ ਦਾ ਨਾਂ ਕੱਟ ਦਿੱਤਾ ਜਾਵੇਗਾ ਅਤੇ ਅਜਿਹਾ ਵਿਦਿਆਰਥੀ ਜੇਕਰ ਨਾਂ ਕੱਟਣ ਦੀ ਮਿਤੀ ਤੋਂ ਹਫ਼ਤੇ ਦੇ ਅੰਦਰ-ਅੰਦਰ ਸਥਿਤੀ ਸਪੱਸ਼ਟ ਕਰਦਿਆਂ ਮੁੜ ਦਾਖ਼ਲੇ ਲਈ ਬੇਨਤੀ ਕਰਦਾ ਹੈ ਤਾਂ ਪ੍ਰਿੰਸੀਪਲ ਦੁਆਰਾ ਸਥਿਤੀ ਨੂੰ ਵੇਖਦੇ ਹੋਏ ਮੈਰਿਟ ਦੇ ਆਧਾਰ ਤੇ ਕੇਸ ਦਾ ਫੈਸਲਾ ਕੀਤਾ ਜਾਵੇਗਾ। 3 ਹਫ਼ਤੇ ਦੇ ਸਮੇਂ ਤੋਂ ਬਾਅਦ ਕਿਸੇ ਤਰ੍ਹਾਂ ਦੀ ਵੀ ਰੀ-ਐਡਮਿਸ਼ਨ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ।

ਪ੍ਰੀਖਿਆ ਪਾਤਰਤਾ ਬਾਰੇ ਸ਼ਰਤਾਂ ਪੂਰੀਆਂ ਨਾ ਹੋਣ ਦੀ ਸੂਰਤ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਰੈਗੂਲਰ ਤੋਂ ਪ੍ਰਾਈਵੇਟ ਤੌਰ ਤੇ ਇਮਤਿਹਾਨ ਦੇਣ ਲਈ ਕਾਲਜ ਵਲੋਂ ਆਗਿਆ ਨਹੀਂ ਦਿੱਤੀ ਜਾ ਸਕਦੀ।

## ਵਿਸ਼ੇ ਦੀ ਤਬਦੀਲੀ ਸੰਬੰਧੀ:-

ਫਾਰਮ ਭਰਨ ਵੇਲੇ ਵਿਸ਼ਿਆਂ ਦੀ ਚੋਣ ਸੋਚ-ਸਮਝ ਕੇ ਕੀਤੀ ਜਾਵੇ ਕਿਉਂਕਿ ਬਾਅਦ ਵਿੱਚ ਆਮ ਤੌਰ ਤੇ ਵਿਸ਼ਿਆਂ ਵਿੱਚ ਤਬਦੀਲੀ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਬੀ ਏ ਭਾਗ ਪਹਿਲਾ ਵਿੱਚ ਇੱਕ ਚੋਣਵਾਂ ਵਿਸ਼ਾ ਵੱਧ ਤੋਂ ਵੱਧ ਮਿਤੀ 15.9.2015 ਤੱਕ ਬਦਲਿਆ ਜਾ ਸਕਦਾ ਹੈ।

ਜਿਸ ਦੀ ਵਿਧੀ ਇਸ ਪ੍ਰਕਾਰ ਹੈ:
ੳ) ਵਿਦਿਆਰਥੀਆਂ ਨੂੰ ਨਿਸ਼ਚਿਤ ਫਾਰਮ ਭਰ ਕੇ ਸੰਬੰਧਤ ਪ੍ਰੋਫੈਸਰ ਸਾਹਿਬਾਨ/ਕਰਮਾਚਾਰੀਆਂ ਤੋਂ ਜ਼ਰੂਰੀ ਸਿਫ਼ਾਰਿਸ਼ਾਂ/ਇੰਦਰਾਜ਼ ਕਰਵਾਉਣੇ ਹੋਣਗੇ।
ਅ) ਕਾਲਜ ਵਿੱਚ ਹਿੰਦੀ, ਭੂਗੋਲ ਅਤੇ ਸੰਸਕ੍ਰਿਤ ਵਿਸ਼ਿਆਂ ਦੇ ਆਨਰਜ਼ ਕੋਰਸ ਵੀ ਪੜ੍ਹਾਏ ਜਾਂਦੇ ਹਨ। ਇਛੁੱਕ ਵਿਦਿਆਰਥੀ ਪ੍ਰੋਫਾਰਮੇ ਵਿੱਚ ਆਪਣੀ ਸਹਿਮਤੀ ਦਫਤਰ ਵਿੱਚ ਦੇਣਗੇ ਪਰੰਤੂ ਆਨਰਜ਼ ਕੋਰਸ ਦਾ ਪੜ੍ਹਾਇਆ ਜਾਣਾ ਇਸ ਤੱਥ ਉਤੇ ਨਿਰਭਰ ਕਰੇਗਾ ਕਿ ਸਬੰਧਿਤ ਵਿਸ਼ੇ ਵਿੱਚ ਲੋੜੀਂਦਾ ਸਟਾਫ ਉਪਲਬਧ ਹੈ ਕਿ ਨਹੀਂ।

ਬੀ.ਏ. ਭਾਗ ਦੂਜਾ ਵਿੱਚ ਇੱਕ ਚੋਣਵਾਂ ਵਿਸ਼ਾ ਬਦਲਿਆ ਜਾ ਸਕਦਾ ਹੈ। ਬਦਲਿਆ ਜਾਣ ਵਾਲਾ ਵਿਸ਼ਾ ਪ੍ਰੈਕਟੀਕਲ ਵਾਲਾ ਨਹੀਂ ਹੋਣਾ ਚਾਹੀਦਾ ਅਜਿਹੇ ਵਿਦਿਆਰਥੀਆਂ ਨੂੰ ਬੀ.ਏ. ਭਾਗ ਦੂਜਾ ਵਿਚ ਵਿਸ਼ਾ ਬਦਲਣ ਦੀ ਸੂਰਤ ਵਿਚ ਬੀ.ਏ. ਭਾਗ ਪਹਿਲਾਂ ਦਾ ਡੈਫੀਸ਼ੈਟ ਪੇਪਰ ਵੀ ਦੇਣਾ ਹੋਵੇਗਾ।

## ਕਾਲਜ ਲਾਇਬ੍ਰੇਰੀ

ਕਾਲਜ ਵਿੱਚ ਇਕ ਸ਼ਾਨਦਾਰ ਤੇ ਵੱਡੀ ਲਾਇਬ੍ਰੇਰੀ ਹੈ, ਜਿਸ ਵਿੱਚ ਸਿਲੇਬਸ ਮੁਤਾਬਿਕ ਤੇ ਹੋਰ ਪ੍ਰਤੀਯੋਗੀ ਪ੍ਰੀਖਿਆਵਾਂ (IAS,PCS, NDA. Banking, PMT) ਦੀਆਂ ਲਗਭਗ 51715 ਕਿਤਾਬਾਂ ਉਪਲਬਧ ਹਨ, ਇਹਨਾਂ ਕਿਤਾਬਾਂ ਸਬੰਧੀ ਲਾਇਬ੍ਰੇਰੀ ਸਟਾਫ਼ ਸਮੇਂ-ਸਮੇਂ ਤੇ ਵਿਦਿਆਰਥੀਆਂ ਨੂੰ ਸੇਧ ਦਿੰਦੇ ਰਹਿੰਦੇ ਹਨ। ਇਛੁੱਕ ਵਿਦਿਆਰਥੀ ਲਾਭ ਉਠਾ ਸਕਦੇ ਹਨ। ਵਿਦਿਆਰਥੀਆਂ ਲਈ ਰੀਡਿੰਗ ਰੂਮ ਦਾ ਵੀ ਯੋਗ ਪ੍ਰਬੰਧ ਹੈ। ਕਾਲਜ ਲਾਇਬ੍ਰੇਰੀ ਦੀ ਆਟੋਮੇਸ਼ਨ ਹੋ ਚੁੱਕੀ ਹੈ।

# ਕਾਲਜ ਵਿਖੇ ਸਹਿਯੋਗੀ ਸੰਸਥਾਵਾਂ

## ਪੀ.ਟੀ.ਏ:-

ਇਸ ਕਾਲਜ ਵਿਖੇ ਸਰਕਾਰੀ ਨਿਯਮਾਂ ਅਨੁਸਾਰ ਮਾਪੇ-ਅਧਿਆਪਕ ਸੰਸਥਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀ ਹੈ। ਇਸ ਦਾ ਮੁੱਖ ਮੰਤਵ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਦਾ ਅਧਿਆਪਕਾਂ ਨਾਲ ਸੰਪਰਕ ਬਣਾਉਣ ਤੋਂ ਇਲਾਵਾ ਕਾਲਜ ਵਿਕਾਸ ਵੀ ਹੈ। ਕਾਲਜ ਵਿੱਚ ਪੜ੍ਹ ਰਹੇ ਸਾਰੇ ਵਿਦਿਆਰਥੀਆਂ ਦੇ ਮਾਪੇ ਇਸ ਸੰਸਥਾ ਦੇ ਮੈਂਬਰ ਹੋਣਗੇ। ਇਸ ਸੰਸਥਾ ਦੇ ਪ੍ਰਧਾਨ ਪ੍ਰਿੰਸੀਪਲ ਸਾਹਿਬਾ ਹਨ।

## ੳ.ਐੱਸ.ਏ. (ਓਲਡ ਸਟੂਡੈਂਟਸ ਐਸੋਸੀਏਸ਼ਨ) : -

ਕਾਲਜ ਵਿੱਚ ੳ.ਐੱਸ. ਏ. 1995 ਤੋਂ ਸਰਗਰਮ ਹੈ ਜਿਹੜੀ ਕਿ ਕਾਲਜ ਦੀ ਬਿਹਤਰੀ ਲਈ ਸਦਾ ਹੀ ਤਤਪਰ ਰਹਿੰਦੀ ਹੈ। ਪੁਰਾਣੇ ਵਿਦਿਆਰਥੀ ਇਸ ਸੰਸਥਾ ਦੇ ਮੈਂਬਰ ਬਣ ਸਕਦੇ ਹਨ।

# ਸਹਿ-ਵਿੱਦਿਅਕ ਗਤੀਵਿਧੀਆਂ

## ਯੂਥ ਫੈਸਟੀਵਲ:-

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਹਰ ਸਾਲ ਅਕਤੂਬਰ ਮਹੀਨੇ ਵਿੱਚ ਇਕ ਖੇਤਰੀ ਯੁਵਕ ਮੇਲੇ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਮੇਲੇ ਵਿੱਚ ਵਿਦਿਆਰਥੀ ਸੰਗੀਤ, ਥਿਏਟਰ, ਸਾਹਿਤਕ ਗਤੀਵਿਧੀਆਂ, ਕੋਮਲ ਕਲਾਵਾਂ ਅਤੇ ਗਿੱਧੇ ਭੰਗੜੇ ਵਿੱਚ ਭਾਗ ਲੈਂਦੇ ਹਨ। ਜੇਤੂ ਟੀਮਾਂ ਪਟਿਆਲਾ ਵਿਖੇ ਆਯੋਜਿਤ ਅੰਤਰ ਖੇਤਰੀ ਯੁਵਕ ਮੇਲੇ ਵਿੱਚ ਭਾਗ ਲੈਣ ਲਈ ਜਾਂਦੀਆਂ ਹਨ। ਫਰਵਰੀ ਦੇ ਮਹੀਨੇ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇੱਕ ਲੋਕ ਮੇਲੇ ਦਾ ਆਯੋਜਨ ਵੀ ਕੀਤਾ ਜਾਂਦਾ ਹੈ ਜਿਸ ਵਿੱਚ ਪ੍ਰਚਲਿਤ ਅਤੇ ਅਲੋਪ ਹੋ ਰਹੀਆਂ ਲੋਕ ਕਲਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਕਾਲਜ ਦੇ ਵਿਦਿਆਰਥੀ ਇਨ੍ਹਾਂ ਮੇਲਿਆਂ ਵਿੱਚ ਭਾਗ ਲੈਂਦੇ ਹਨ ਅਤੇ ਇਨਾਮ ਜਿੱਤ ਕੇ ਕਾਲਜ ਦਾ ਮਾਣ ਵਧਾਉਂਦੇ ਹਨ।

## ਐਨ.ਸੀ.ਸੀ.:-

ਕਾਲਜ ਵਿੱਚ ਲੜਕੇ ਤੇ ਲੜਕੀਆਂ ਲਈ ਇਨਫੈਂਟਰੀ ਵਿੰਗ ਦੀਆਂ ਕੁਲ 160 ਸੀਟਾਂ ਹਨ। ਭਰਤੀ ਹੋਣ ਵਾਲੇ ਵਿਦਿਆਰਥੀਆਂ ਦੀ ਸਿਖਲਾਈ ਤਿੰਨ ਸਾਲਾਂ ਦੀ ਹੋਵੇਗੀ। ਐਨ.ਸੀ.ਸੀ. ਵਿੱਚ ਭਰਤੀ ਹੋਣ ਲਈ ਲੋੜੀਂਦਾ ਫਾਰਮ ਆਪਣੇ ਦਾਖ਼ਲਾ ਫਾਰਮ ਦੇ ਨਾਲ ਹੀ ਭਰਿਆ ਜਾਵੇ।

## ਐਨ.ਐਸ. ਐਸ.:-

ਲੜਕੇ ਤੇ ਲੜਕੀਆਂ ਦੋਹਾਂ ਵਰਗਾਂ ਲਈ ਕੌਮੀ ਸੇਵਾ ਯੋਜਨਾ ਦੇ 5 ਯੂਨਿਟ ਸਰਗਰਮ ਹਨ। ਇਨ੍ਹਾਂ ਵਿੱਚ ਭਰਤੀ ਹੋਣ ਦੇ ਚਾਹਵਾਨਾਂ ਨੂੰ ਲੋੜੀਂਦਾ ਫਾਰਮ ਆਪਣੇ ਦਾਖ਼ਲਾ ਫਾਰਮ ਦੇ ਨਾਲ ਹੀ ਭਰ ਕੇ ਦੇਣਾ ਪਵੇਗਾ।

# ਕਾਲਜ ਦੇ ਵਿਦਿਆਰਥੀਆਂ ਲਈ ਅਤਿ ਜ਼ਰੂਰੀ ਨਿਰਦੇਸ਼

## ਅਨੁਸ਼ਾਸ਼ਨ:-

1. ਕਾਲਜ ਵਿੱਚ ਇਕ ਰਜਿਸਟਰ ਹੋਵੇਗਾ ਜਿਸ ਵਿੱਚ ਵਿਦਿਆਰਥੀ ਦੀਆਂ ਸਰਗਰਮੀਆਂ ਅਤੇ ਆਚਰਣ ਸਬੰਧੀ ਇੰਦਰਾਜ ਕੀਤੇ ਜਾਣਗੇ। ਇਸ ਦੇ ਆਧਾਰ ਤੇ ਹੀ ਕਰੈਕਟਰ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ।
2. ਕਾਲਜ ਵਿੱਚ ਅਣਚਾਹੇ ਬਾਹਰਲੇ ਅਨਸਰਾਂ ਜਾਂ ਦੋਸਤਾਂ-ਮਿੱਤਰਾਂ ਨੂੰ ਲਿਆਉਣ ਦੀ ਮੁਕੰਮਲ ਮਨਾਹੀ ਹੈ। ਜੇ ਕੋਈ ਰਿਸ਼ਤੇਦਾਰ ਮਿਲਣਾ ਚਾਹੇ ਤਾਂ ਸਿੱਧਾ ਕਾਲਜ ਵਿੱਚ ਜਾਣ ਦੀ ਥਾਂ ਪਹਿਲਾਂ ਦਫ਼ਤਰ ਵਿੱਚ ਆ ਕੇ ਆਗਿਆ ਲਵੇਗਾ।
3. ਵਿਦਿਆਰਥੀ ਆਪਣੇ ਵਿਹਲੇ ਪੀਰੀਅਡ ਵਿੱਚ ਲਾਇਬ੍ਰੇਰੀ/ਕੰਟੀਨ ਜਾਂ ਲੜਕੀਆਂ ਅਤੇ ਲੜਕਿਆਂ ਲਈ ਨਿਸ਼ਚਿਤ Lawns ਜਾਂ Common rooms ਵਿੱਚ ਹੀ ਬੈਠਣ।
4. ਵਿਦਿਆਰਥੀਆਂ ਦੇ ਵਰਾਂਡਿਆਂ ਜਾਂ ਕੋਰੀਡੋਰਾਂ ਵਿੱਚ ਬਿਨਾ ਕੰਮ ਤੋਂ ਖੜ੍ਹੇ ਹੋਣ ਦੀ ਅਤੇ ਇਨ੍ਹਾਂ ਵਿੱਚ ਬਿਨਾ ਵਜ੍ਹਾ ਆਵਾਜਾਈ ਕਰਨ ਦੀ ਸਖ਼ਤ ਮਨਾਹੀ ਹੈ।
5. ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਦਾ ਦਾਖ਼ਲਾ ਰੱਦ ਕੀਤਾ ਜਾ ਸਕਦਾ ਹੈ। ਅਜਿਹੇ ਵਿਦਿਆਰਥੀ ਕਾਲਜ ਤੋਂ ਕੱਢੇ ਜਾ ਸਕਦੇ ਹਨ।
6. ਵਿਦਿਆਰਥੀ ਸਹੀ ਪਹਿਰਾਵੇ ਵਿੱਚ ਕਾਲਜ ਆਉਣਗੇ।
7. ਕਾਲਜ ਦੇ ਕਿਸੇ ਵੀ ਸਮਾਨ ਦੀ ਭੰਨ ਤੋੜ ਦੇ ਕੇਸ ਵਿੱਚ ਘੱਟੋ-ਘੱਟ 500/- ਰੁ: ਜੁਰਮਾਨਾ ਕੀਤਾ ਜਾਵੇਗਾ।
8. ਨੋਟਿਸ ਬੋਰਡ ਤੋਂ ਨੋਟਿਸ ਪਾੜਨ ਜਾਂ ਉਤਾਰਨ ਵਾਲੇ ਵਿਦਿਆਰਥੀ ਨੂੰ ਘੱਟੋ-ਘੱਟ 500/- ਰੁ: ਜੁਰਮਾਨਾ ਕੀਤਾ ਜਾਵੇਗਾ।
9. **ਵਿਦਿਆਰਥੀਆਂ ਵੱਲੋਂ ਕਾਲਜ ਵਿੱਚ ਮੋਬਾਇਲ ਫੋਨ ਲੈ ਕੇ ਆਉਣ ਦੀ ਮਨਾਹੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਮੋਬਾਇਲ ਫ਼ੋਨ ਜ਼ਬਤ ਕਰ ਲਿਆ ਜਾਵੇਗਾ ਅਤੇ 500/- ਰੁ: ਜੁਰਮਾਨਾ ਵੀ ਕੀਤਾ ਜਾਵੇਗਾ।**

## ਪ੍ਰੌਕਟੋਰੀਅਲ ਡਿਊਟੀ:-

ਸਾਰੇ ਸਟਾਫ ਮੈਂਬਰ ਕਾਲਜ ਵਿੱਚ ਪ੍ਰੌਕਟੋਰੀਅਲ ਡਿਊਟੀ ਦਿੰਦੇ ਹਨ। ਇਸ ਨਾਲ ਵਿਦਿਆਰਥੀਆਂ ਦਾ ਆਪਸੀ ਤਾਲਮੇਲ ਵਧਦਾ ਹੈ ਅਤੇ ਅਨੁਸ਼ਾਸਨ ਕਾਇਮ ਕਰਨ ਵਿੱਚ ਸਹਾਇਕ ਹੁੰਦਾ ਹੈ।

## ਟਿਊਟੋਰੀਅਲ ਗਰੁੱਪ:-

ਹਰ 15 ਦਿਨ ਪਿੱਛੋਂ ਮੀਟਿੰਗ ਹੁੰਦੀ ਹੈ। ਹਰ ਵਿਦਿਆਰਥੀ ਨੂੰ ਇਹ ਅਟੈਂਡ ਕਰਨੀ ਜ਼ਰੂਰੀ ਹੁੰਦੀ ਹੈ।

## ਸ਼ਿਕਾਇਤ ਨਿਵਾਰਨ ਕਮੇਟੀ:-

ਚੇਅਰਪਰਸਨ-ਵਾਈਸ ਪ੍ਰਿੰਸੀਪਲ, ਸੀਨੀਅਰ ਮੋਸਟ ਪੁਰਸ਼ ਤੇ ਸੀਨੀਅਰ ਮੋਸਟ ਮਹਿਲਾ ਪ੍ਰੋਫੈਸਰ ਮੈਂਬਰ ਹੋਣਗੇ।

## ਵਿਸ਼ਾ ਸੁਸਾਇਟੀ:-

ਭੌਤਿਕ ਵਿਗਿਆਨ, ਕੈਮਿਸਟਰੀ, ਮੈਥ, ਬੋਟਨੀ, ਜਿਉਲਿਜ਼ੀ, ਹੌਮਸਾਇੰਸ, ਜੌਗਰਫੀ, ਸੰਸਕ੍ਰਿਤ, ਅੰਗਰੇਜ਼ੀ, ਹਿੰਦੀ, ਪੰਜਾਬੀ, ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਆਦਿ ਦੀਆਂ ਸੁਸਾਇਟੀਆਂ ਬਣੀਆਂ ਹਨ ਇਸ ਵਿੱਚ ਵਿਭਾਗ ਦਾ ਮੁਖੀ ਇੰਚਾਰਜ ਹੁੰਦਾ ਹੈ। ਹਰ ਵਿਸ਼ੇ ਦੇ ਵਿਭਾਗਾਂ ਵਲੋਂ ਸਮੇਂ-ਸਮੇਂ ਤੇ ਸੈਮੀਨਾਰ ਆਯੋਜਤ ਕੀਤੇ ਜਾਂਦੇ ਹਨ। ਵਿਸ਼ਾ ਸੁਸਾਇਟੀਆਂ ਵੱਲੋਂ ਵਿੱਦਿਅਕ ਟੂਰ ਦਾ ਆਯੋਜਨ ਕੀਤਾ ਜਾਂਦਾ ਹੈ।

**ਕਾਲਜ ਜਨਰਲ:-** ਸਰਕਾਰੀ ਕਾਲਜ, ਰੋਪੜ ਵਲੋਂ ਸਾਲ 2015 ਵਿੱਚ *ਸਤਲਜ* ਨਾਮਕ ਰੀਸਰਚ ਜਨਰਲ ਛਾਪਿਆ ਗਿਆ। ਜਿਸ ਵਿੱਚ ਅਲੱਗ-ਅਲੱਗ ਵਿਸ਼ਿਆਂ ਦੇ ਖੋਜ ਪੱਤਰ ਛਾਪੇ ਗਏ।

## ਕਾਲਜ ਮੈਗਜ਼ੀਨ:-

ਸਰਕਾਰੀ ਕਾਲਜ, ਰੋਪੜ ਵਲੋਂ ਸਾਲ ਵਿੱਚ ਇੱਕ ਵਾਰ ਕਾਲਜ ਮੈਗਜ਼ੀਨ 'ਦੀ ਸ਼ਿਵਾਲਿਕ' ਕੱਢਿਆ ਜਾਂਦਾ ਹੈ। ਇਸ ਵਿੱਚ (ਅੰਗਰੇਜ਼ੀ ਸੈਕਸ਼ਨ, ਪੰਜਾਬੀ ਸੈਕਸ਼ਨ, ਹਿੰਦੀ ਸੈਕਸ਼ਨ, ਪਲਾਨਿੰਗ ਫੋਰਮ ਆਦਿ) ਵਿਦਿਆਰਥੀ ਆਪਣੇ ਲੇਖ, ਕਵਿਤਾਵਾਂ ਆਦਿ ਦਿੰਦੇ ਹਨ।

## ਕਾਲਜ ਡਿਸਪੈਂਸਰੀ:-

ਸਰਕਾਰੀ ਕਾਲਜ, ਰੋਪੜ ਵਿੱਚ ਵਿਦਿਆਰਥੀਆਂ ਦੀ ਸਿਹਤ ਸੰਭਾਲ ਲਈ ਕਾਲਜ-ਡਿਸਪੈਂਸਰੀ ਚਲ ਰਹੀ ਹੈ। ਵਿਦਿਆਰਥੀਆਂ ਨੂੰ ਲੋੜ ਅਨੁਸਾਰ ਮੁਢਲੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

# ਫ਼ੀਸ ਮੁਆਫ਼ੀ ਅਤੇ ਆਰਥਿਕ ਸਹਾਇਤਾ

ਪ੍ਰਿੰਸੀਪਲ, ਗਰੀਬ ਤੇ ਯੋਗ ਵਿਦਿਆਰਥੀਆਂ ਦੀ ਅੱਧੀ (ਟਿਊਸ਼ਨ) ਫ਼ੀਸ ਮੁਆਫ ਕਰਨ ਦੇ ਸਮਰੱਥ ਹੈ। ਇਸ ਮੰਤਵ ਲਈ ਦਰਖ਼ਾਸਤ ਨਿਸਚਿਤ ਫਾਰਮ (ਜੋ ਦਫ਼ਤਰ ਵਿੱਚ ਉਪਲਬਧ ਹਨ) ਰਾਹੀਂ ਦਿੱਤੀ ਜਾ ਸਕਦੀ ਹੈ।

ਅੱਧੀ ਫ਼ੀਸ ਇਸ ਸ਼ਰਤ ਤੇ ਮੁਆਫ਼ ਕੀਤੀ ਜਾਵੇਗੀ ਕਿ ਵਿਦਿਆਰਥੀ ਚੰਗੇ ਇਖ਼ਲਾਕ, ਕਾਲਜ ਹਾਜ਼ਰੀ ਅਤੇ ਪੜ੍ਹਾਈ ਵਿੱਚ ਤਸੱਲੀਬਖ਼ਸ਼ ਤਰੱਕੀ ਕਰੇਗਾ। ਜਿਹੜਾ ਵਿਦਿਆਰਥੀ ਦੁਰ-ਵਿਹਾਰ, ਪੜ੍ਹਾਈ ਵਿੱਚ ਬੇਕਾਇਦਗੀ, ਅਵੇਸਲਾਪਣ ਜਾਂ ਕਿਸੇ ਅੰਦੋਲਨ ਵਿੱਚ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਹਿੱਸਾ ਲੈਣ ਦਾ ਦੋਸ਼ੀ ਪਾਇਆ ਜਾਵੇਗਾ, ਉਸ ਦੀ ਫ਼ੀਸ ਮੁਆਫ਼ੀ ਰੱਦ ਕੀਤੀ ਜਾਵੇਗੀ। ਨਿਯਮਾਂ ਅਨੁਸਾਰ ਭੈਣ/ਭਰਾ ਲਈ ਫ਼ੀਸ-ਮੁਆਫ਼ੀ ਦੀ ਸਹੂਲਤ ਉਪਲਬਧ ਹੈ।

ਗਰੀਬ ਤੇ ਯੋਗ ਵਿਦਿਆਰਥੀਆਂ ਨੂੰ ਰੈੱਡ ਕਰਾਸ ਫੰਡ ਵਿੱਚੋਂ ਵੀ ਆਰਥਿਕ ਸਹਾਇਤਾ ਦਿੱਤੀ ਜਾ ਸਕਦੀ ਹੈ।

ਰਾਜ ਦੇ ਸਰਕਾਰੀ ਕਾਲਜਾਂ ਵਿੱਚ ਸਮੇਂ-ਸਮੇਂ ਕੀਤੀਆਂ ਹਦਾਇਤਾਂ ਅਨੁਸਾਰ ਪ੍ਰਵਾਨਿਤ ਵਰਗਾਂ ਦੇ ਵਿਦਿਆਰਥੀਆਂ ਨੂੰ ਹੀ ਸਿੱਖਿਆ ਲਈ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ। ਅੱਤਵਾਦ ਤੋਂ ਪ੍ਰਭਾਵਿਤ/ਦੰਗਾ ਪੀੜਿਤ ਪਰਿਵਾਰਾਂ ਦੇ ਬੱਚਿਆਂ ਨੂੰ ਲੋੜੀਂਦਾ ਦਸਤਾਵੇਜ਼/ਸਬੂਤ ਵਿਖਾਉਣ ਉਪਰੰਤ ਮੁਫ਼ਤ ਸਿੱਖਿਆ ਦੇਣ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ।

# ਅਨੁਸੂਚਿਤ ਤੇ ਪੱਛੜੀ ਜਾਤੀ ਦੇ ਵਿਦਿਆਰਥੀਆਂ ਲਈ ਫ਼ੀਸ ਮੁਆਫ਼ੀ

ਸਟੇਟ ਹਰੀਜਨ ਭਲਾਈ ਯੋਜਨਾ ਅਧੀਨ ਰਾਜ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਅਤੇ ਹੋਰ ਪੱਛੜੀਆਂ ਜਾਤੀਆਂ ਦੇ ਵਿਦਿਆਰਥੀਆਂ ਲਈ ਪੂਰੀ ਟਿਊਸ਼ਨ ਫ਼ੀਸ-ਮੁਆਫ਼ੀ ਦੀ ਰਿਆਇਤ ਪ੍ਰਾਪਤ ਹੈ। ਅਜਿਹੇ ਵਿਦਿਆਰਥੀਆਂ ਨੂੰ ਮੌਲਿਕ ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਪੱਛੜੀ ਜਾਤੀ ਸਰਟੀਫਿਕੇਟ ਅਤੇ ਪੱਛੜੀ ਜਾਤੀ ਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਦੀ ਅਧਿਸੂਚਨਾ ਨਿਸਚਿਤ ਪ੍ਰੋਫਾਰਮੇ ਤੇ ਮੈਜਿਸਟ੍ਰੇਟ ਦਰਜਾ ਅੱਵਲ ਕੋਲੋਂ ਤਸਦੀਕ ਸ਼ੁਦਾ ਹਲਫੀਆ ਬਿਆਨ ਦੇਣਾ ਪਵੇਗਾ।

# ਸਰਕਾਰੀ ਵਜ਼ੀਫੇ

**ਪੰਜਾਬ ਸਰਕਾਰ/ਭਾਰਤ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜੀਫਿਆਂ ਅਤੇ ਐਜੂਕੇਸ਼ਨ ਲੋਨ ਸਬੰਧੀ ਜਾਣਕਾਰੀ।**

| ਕੋਰਸ ਦਾ ਨਾਂ | ਵਜ਼ੀਫ਼ੇ ਦਾ ਨਾਂ | ਵਜ਼ੀਫ਼ੇ ਲਈ ਹੱਕਦਾਰ ਵਿਦਿਆਰਥੀ/ਯੋਗਤਾ ਅਤੇ ਵਿਸਥਾਰ ਪੂਰਵਕ ਜਾਣਕਾਰੀ ਲਈ ਸਾਇਟ।* | ਆਮਦਨ ਸੀਮਾ | ਵਿਦਿਆਰਥੀ ਵਲੋਂ ਫ਼ਾਰਮ ਭਰਨ ਦੀ ਆਖ਼ਰੀ ਮਿਤੀ | ਨੱਥੀ ਕਰਨ ਯੋਗ ਦਸਤਾਵੇਜ |
|---|---|---|---|---|---|
| ਬੀ.ਏ/ਬੀ ਐਸ ਸੀ ਭਾਗ ਪਹਿਲਾ ਅਤੇ ਉਪਰ ਦੇ ਸਾਰੇ ਕੋਰਸ ਉੱਪਰ (ਨਵਾਂ ਦਾਖਲਾ) | ਪੋਸਟ ਮੈਟ੍ਰਿਕ ਸ਼ਕਾਲਰਸ਼ਿਪ | ਅਨੁਸੂਚਿਤ ਜਾਤੀ/ ਅਨੁਸੂਚਿਤ ਕਬੀਲੇ ਦੇ ਵਿਦਿਆਰਥੀ ਜਿਹੜੇ ਹੋਰ ਕੋਈ ਵੀ ਸਕਾਲਰਸ਼ਿਪ ਨਹੀਂ ਲੈ ਰਹੇ।<br><br>ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ।<br>ਸਾਇਟ: www.dpipunjab.org ਅਤੇ www. dohepunjab@yahoo.com | ਸਾਲਾਨਾ ਆਮਦਨ ਰੁਪਏ 2,50,000 (ਡਾਈ ਲੱਖ) ਤੋਂ ਵੱਧ ਨਾ ਹੋਵੇ | 31 ਅਗਸਤ | *ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦਾ ਸਰਟੀਫ਼ੀਕੇਟ ਆਮਦਨ ਸਬੰਧੀ ਐਫ਼ੀਡੇਵਿਟ*<br><br>*ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫ਼ਿਕੇਟ<br>*ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫਿਕੇਟ |
| ਉੱਕਤ | ਪੋਸਟ ਮੈਟ੍ਰਿਕ ਸਕਾਲਰਸ਼ਿਪ | ੳ ਬੀ ਸੀ ਦੇ (Other Backward Class ਦੇ )ਵਿਦਿਆਰਥੀ ਜਿਹੜੇ ਹੋਰ ਕੋਈ ਵੀ ਸਕਾਲਰਸ਼ਿਪ ਨਹੀਂ ਲੈ ਰਹੇ।<br>ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ।<br>ਸਾਇਟ: www.dpipunjab.org ਅਤੇ email: dohepunjab@yahoo.com | ਸਲਾਨਾ ਆਮਦਨ ਰੁਪਏ 1,00,000 (ਇੱਕ ਲੱਖ ਤੋਂ ਵੱਧ ਨਾ ਹੋਵੇ | 31 ਅਗਸਤ | * ੳ ਬੀ ਸੀ ਦਾ ਸਰਟੀਫ਼ਿਕੇਟ<br><br>* ਆਮਦਨ ਸਬੰਧੀ ਐਫ਼ੀਡੈਵਿਟ*<br>* ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫ਼ਿਕੇਟ<br>*ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫ਼ਿਕੇਟ |
| ਉੱਕਤ<br><br>ਸਿੱਖਿਆ ਦੇ ਹਰ ਪੱਧਰ ਤੇ ਲੋਨ | ਪੋਸਟ ਮੈਟ੍ਰਿਕ ਸਕਾਲਰਸ਼ਿਪ | ਘੱਟ ਗਿਣਤੀਆਂ (Miniority Communities) ਜਿਵੇਂ ਕਿ ਮੁਸਲਿਮ ਸਿੱਖ ਬੁੱਧ ਅਤੇ ਪਾਰਸੀ ਧਰਮ ਨਾਲ ਸਬੰਧਿਤ ਵਿਦਿਆਰਥੀ ਜਿਹੜੇ ਹੋਰ ਕੋਈ ਵੀ ਸਕਾਲਰਸ਼ਿਪ ਨਹੀਂ ਲੈ ਰਹੇ।<br>ਵਿਦਿਆਰਥੀ ਨੇ ਪਿਛਲੀ ਕਲਾਸ ਵਿੱਚ 50% ਅੰਕ ਪ੍ਰਾਪਤ ਕੀਤੇ ਹੋਣ।<br>ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ।<br>ਵਿਦਿਆਰਥੀ ਪੰਜਾਬ ਦਾ ਵਸਨੀਕ ਹੋਵੇ।<br>ਸਾਈਟ: www.miniorityaffairs.gov.in<br>ਸਾਈਟ: email: dohepunjab@yahoo.com | ਸਲਾਨਾ ਆਮਦਨ ਰੁਪਏ ਦੋ 2,00,000 (ਦੋ ਲੱਖ) ਤੋਂ ਵੱਧ ਨਾ ਹੋਵੇ | 31 ਅਗਸਤ | *ਆਮਦਨ ਸਬੰਧੀ ਐਫ਼ੀਡੈਵਿਟ*<br>*ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫ਼ਿਕੇਟ<br>* ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫ਼ਿਕੇਟ |

**ਵਜ਼ੀਫੇ ਦੀ ਆਮਦਨ ਸਬੰਧੀ ਘੋਸ਼ਣਾ:** ਸਵੈ-ਰੁਜ਼ਗਾਰ ਕਰਨ ਵਾਲੇ ਮਾਤਾ-ਪਿਤਾ ਸਾਰੇ ਵਸੀਲਿਆਂ ਤੋਂ ਆਪਣੀ ਆਮਦਨ ਦੀ ਘੋਸ਼ਣਾ ਸਬੰਧੀ ਸਰਟੀਫ਼ਿਕੇਟ ਜੁਡੀਸ਼ੀਅਲ ਸਟੈਂਪ ਪੇਪਰ ਤੇ ਦੇਣਗੇ। ਜਦੋਂ ਕਿ ਨੌਕਰੀ ਪੇਸ਼ਾ ਮਾਤਾ-ਪਿਤਾ ਆਪਣੀ ਆਮਦਨ ਸਬੰਧੀ ਸਰਟੀਫ਼ਿਕੇਟ ਆਪਣੇ ਨੌਕਰੀ ਕਰਨ ਵਾਲੇ ਸਥਾਨ ਤੋਂ ਪ੍ਰਾਪਤ ਕਰਨਗੇ ਅਤੇ ਕਿਸੇ ਵੀ ਵਾਧੂ ਆਮਦਨ ਸਬੰਧੀ ਸਰਟੀਫ਼ਿਕੇਟ ਨਾਨ-ਜੁਡੀਸ਼ੀਅਲ ਸਟੈਂਪ ਪੇਪਰ ਤੇ ਦੇਣਗੇ।

* ਜਿਹੜੇ ਵਿਦਿਆਰਥੀਆਂ ਨੇ ਪਿਛਲੇ ਵਿੱਤੀ ਦੌਰਾਨ ਵਜ਼ੀਫੇ ਲਈ ਅਪਲਾਈ ਕੀਤਾ ਹੈ ਅਤੇ ਵਜ਼ੀਫਾ ਪ੍ਰਾਪਤ ਕੀਤਾ ਹੈ, ਉਨ੍ਹਾਂ ਦਾ ਬੈਂਕ ਦਾ ਖਾਤਾ ਨੰ. IFSC code, ਉਹੀ (ਯੂਨੀਕ) ਹੋਣਾ ਚਾਹੀਦਾ ਹੈ

** ਸਹੀ ਮੋਬਾਇਲ ਨੰ, ਸਹੀ ਈਮੇਲ ਐਡਰਸ ਹੋਣਾ ਚਾਹੀਦਾ ਹੈ

*** ਵਜ਼ੀਫਾ ਕਲੇਮ ਮਿਥੀ ਮਿਤੀ ਤੋਂ ਬਾਅਦ ਸਵੀਕਾਰ ਨਹੀਂ ਕੀਤਾ ਜਾਵੇਗਾ ਇਹ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ

**** ਵਜ਼ੀਫੇ ਦੀ ਜਾਣਕਾਰੀ ਲਈ ਵਜ਼ੀਫਾ ਕਮੇਟੀ ਨੂੰ ਮਿਲੋ (ਇੰਚਾਰਜ ਵਜ਼ੀਫ਼ੇ- ਪ੍ਰੋ. ਬਿਮਲਜੀਤ ਕੌਰ (ਕਨਵੀਨਰ), ਡਾ. ਕੁਮੁਦ ਲਤਾ ਸ਼ਰਮਾ (ਕੋ.ਕਨਵੀਨਰ)

## ਪ੍ਰੀਖਿਆ ਅਤੇ ਹਾਜ਼ਰੀਆਂ

1. (i) ਬੀ.ਏ.ਭਾਗ III ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਘਰੇਗੀ ਪ੍ਰੀਖਿਆ ਦੇਣੀ ਪਵੇਗੀ ਅਤੇ ਇਸ ਵਿੱਚ ਕੁੱਲ ਅੰਕਾਂ ਦਾ 33% ਪ੍ਰਾਪਤ ਕਰਨੇ ਲਾਜ਼ਮੀ ਹੋਣਗੇ। ਇਹਨਾਂ ਪ੍ਰੀਖਿਆਵਾਂ ਤੋਂ ਬਿਨਾਂ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਹੋਰ ਕੋਈ ਪ੍ਰੀਖਿਆ ਨਹੀਂ ਲਈ ਜਾਵੇਗੀ। ਇਸ ਤੋਂ ਇਲਾਵਾ ਮਹੀਨਾਵਾਰ ਟੈਸਟ ਲਏ ਜਾਣਗੇ ਜਿਨ੍ਹਾਂ ਦਾ ਰਿਕਾਰਡ ਸੰਬੰਧਤ ਅਧਿਆਪਕਾਂ ਕੋਲ ਹੋਵੇਗਾ। ਕੇਵਲ ਉਹ ਵਿਦਿਆਰਥੀ ਜੋ ਵਿਸ਼ੇਸ਼ ਹਾਲਤਾਂ ਵਿੱਚ ਪੇਪਰ ਨਾ ਦੇ ਸਕੇ ਹੋਣ ਉਹ ਪ੍ਰਿੰਸੀਪਲ ਦੀ ਆਗਿਆ ਨਾਲ ਦੁਬਾਰਾ ਟੈਸਟ ਦੇ ਸਕਦੇ ਹਨ ਜਿਵੇਂ ਬੀਮਾਰੀ, ਮੌਤ ਸਮੇਂ, ਖੇਡਣ ਦਾ ਸਮਾਂ ਜਾਂ ਕਾਲਜ ਦਾ ਕੋਈ ਵਿਸ਼ੇਸ਼ ਰੁਝੇਵਾਂ, ਹਲਫ਼ੀਆ ਬਿਆਨ ਜ਼ਰੂਰੀ ਹੋਵੇਗਾ।

   (ii) ਸਾਰੀ ਯੂਨੀਵਰਸਿਟੀ ਕਲਾਸਾਂ ਲਈ ਵਿਦਿਆਰਥੀਆਂ ਵਾਸਤੇ 75% ਲੈਕਚਰ ਲਾਜ਼ਮੀ ਹਨ।
2. ਪ੍ਰਿੰਸੀਪਲ ਵਲੋਂ ਲੈਕਚਰਾਂ ਵਿੱਚ ਛੋਟ ਬਾਰੇ ਕੇਵਲ ਉਹਨਾਂ ਵਿਦਿਆਰਥੀਆਂ ਦੇ ਕੇਸਾਂ ਉੱਤੇ ਕੇਵਲ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਕ ਹੀ ਵਿਚਾਰ ਕੀਤੀ ਜਾਵੇਗੀ ਜਿਨ੍ਹਾਂ ਦੀ ਪੜ੍ਹਾਈ ਅਤੇ ਵਿਵਹਾਰ ਸੰਬੰਧੀ ਰਿਪੋਰਟ ਤਸੱਲੀਬਖਸ਼ ਹੋਵੇਗੀ।
3. ਜਿਹੜਾ ਵਿਦਿਆਰਥੀ ਕਾਲਜ ਛੱਡਣ ਦਾ ਇਛੁੱਕ ਹੋਵੇ, ਉਹ ਨਿਰਧਾਰਿਤ ਫਾਰਮ ਤੇ ਆਪਣੀ ਅਰਜ਼ੀ ਪਿਤਾ ਜਾਂ ਸਰਪ੍ਰਸਤ ਤੋਂ ਪ੍ਰਤੀ-ਹਸਤਾਖਰ ਕਰਵਾ ਕੇ ਭੇਜੇ। ਅਜਿਹੀ ਅਰਜ਼ੀ ਕਾਲਜ ਦੀਆਂ ਫ਼ੀਸਾਂ ਦੇ ਭੁਗਤਾਨ ਕਰਨ ਉਪਰੰਤ ਹੀ ਦਿੱਤੀ ਜਾ ਸਕਦੀ ਹੈ।
4. ਜੇਕਰ ਯੂਨੀਵਰਸਿਟੀ ਇਮਤਿਹਾਨ ਲਈ ਫਾਰਮ ਭੇਜਣ ਉਪਰੰਤ ਕਿਸੇ ਵਿਦਿਆਰਥੀ ਦਾ ਨਾ ਫ਼ੀਸ ਦੇਣ ਜਾਂ ਕਿਸੇ ਹੋਰ ਕਾਰਨ ਕੱਟ ਦਿੱਤਾ ਜਾਂਦਾ ਹੈ ਤਾਂ ਵਿਦਿਆਰਥੀ ਜਾਂ ਉਸ ਦੇ ਸਰਪ੍ਰਸਤ ਨੂੰ ਸੂਚਿਤ ਕੀਤੇ ਬਿਨਾਂ ਪ੍ਰਿੰਸੀਪਲ ਵੱਲੋਂ ਉਸ ਦਾ ਫਾਰਮ ਯੂਨੀਵਰਸਿਟੀ ਤੋਂ ਵਾਪਸ ਮੰਗਵਾ ਲਿਆ ਜਾਵੇਗਾ।
5. ਜਿਨ੍ਹਾਂ ਵਿਦਿਆਰਥੀਆਂ ਨੇ ਗ਼ੈਰ-ਹਾਜ਼ਰੀ ਜੁਰਮਾਨੇ ਸਮੇਤ ਦੂਜੀਆਂ ਫ਼ੀਸਾਂ ਉਚਿਤ ਸਮੇਂ ਨਾ ਦਿੱਤੀਆਂ ਹੋਣ ਉਹਨਾਂ ਦੇ ਨਾਂ ਕਾਲਜ ਰੋਲ ਤੋਂ ਕੱਟ ਦਿੱਤੇ ਜਾਣਗੇ।
6. ਕਾਲਜ-ਰੋਲ ਤੋਂ ਨਾਂ ਕੱਟੇ ਜਾਣ ਦੀ ਮਿਤੀ ਤੋਂ ਦੁਬਾਰਾ ਦਾਖ਼ਲਾ ਲੈਣ ਦੀ ਮਿਤੀ ਦੇ ਵਕਫ਼ੇ ਦੌਰਾਨ ਹੋਏ ਲੈਕਚਰਾਂ ਦੀ ਕਮੀ ਦਾ ਵਿਦਿਆਰਥੀ ਖ਼ੁਦ ਜ਼ਿੰਮੇਵਾਰ ਹੋਵੇਗਾ।
7. ਜਿਹੜੇ ਵਿਦਿਆਰਥੀ ਘਰੇਲੂ ਪ੍ਰੀਖਿਆਵਾਂ ਦੇ ਆਧਾਰ ਤੇ ਯੂਨੀਵਰਸਿਟੀ ਵਿੱਚ ਪ੍ਰੀਖਿਆ ਦੇਣ ਲਈ ਸ਼ਰਤਾਂ ਪੂਰੀਆਂ ਨਹੀਂ ਕਰਨਗੇ, ਉਹਨਾਂ ਨੂੰ ਪ੍ਰੀਖਿਆ ਵਿੱਚ ਨਹੀਂ ਬੈਠਣ ਦਿੱਤਾ ਜਾਵੇਗਾ ਅਤੇ ਉਹਨਾਂ ਦੇ ਰੋਲ ਨੰਬਰ ਯੂਨੀਵਰਸਿਟੀ ਨੂੰ ਵਾਪਸ ਕੀਤੇ ਜਾਣਗੇ।

## ਰੋਲ ਆਫ਼ ਆਨਰ/ਕਾਲਜ ਕਲਰ ਅਤੇ ਸਨਮਾਨ

### ਰੋਲ ਆਫ਼ ਆਨਰ/ਕਾਲਜ ਕਲਰ ਅਤੇ ਸਨਮਾਨ

### ਰੋਲ ਆਫ਼ ਆਨਰ/(ਅਕਾਦਮਿਕ)

(i) ਇਸ ਦੇ ਉਹ ਹੀ ਵਿਦਿਆਰਥੀ ਹੱਕਦਾਰ ਹੋਣਗੇ, ਜਿਹੜੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿਚ ਮੈਰਿਟ ਲਿਸਟ ਵਿਚ 10ਵੇਂ ਸਥਾਨ ਤੱਕ ਰਹਿਣਗੇ ਜਾਂ 75% ਅੰਕ ਪ੍ਰਾਪਤ ਕਰਨਗੇ, ਇਹ ਨਿਯਮ ਕੋਰਸਾਂ ਤੇ ਵੀ ਲਾਗੂ ਹੋਵੇਗਾ।

(ii) ਬੀ.ਏ., ਬੀ.ਐਸ.ਸੀ., ਬੀ.ਕਾਮ (3 ਸਾਲਾ ਡਿਗਰੀ ਕੋਰਸ), ਪੀ.ਜੀ.ਡੀ.ਸੀ.ਏ., ਬੀ.ਸੀ.ਏ. ਅਤੇ ਐਮ.ਏ. ਦੇ ਇਮਤਿਹਾਨਾਂ ਦੇ ਅੰਤਿਮ ਨਤੀਜੇ ਦੀ ਮੈਰਿਟ ਦੇ ਅਧਾਰ ਤੇ ਰੋਲ ਆਫ਼ ਆਨਰ ਦਿਤੇ ਜਾਣਗੇ।

### ਘਰੇਲੂ ਪ੍ਰੀਖਿਆਵਾਂ ਦੇ ਆਧਾਰ ਤੇ ਅਕਾਦਮਿਕ ਇਨਾਮ ਲੈਣ ਲਈ ਸ਼ਰਤਾਂ:

1. ਜੇ ਕਿਸੇ ਜਮਾਤ ਜਾਂ ਵਿਸ਼ੇ ਵਿੱਚ ਇਨਾਮ ਬਣਦਾ ਹੈ ਤਾਂ ਇਨਾਮ ਲੈਣ ਲਈ ਵਿਦਿਆਰਥੀ ਦਾ ਸਾਰੇ ਵਿਸ਼ਿਆਂ ਵਿੱਚ ਪਾਸ ਹੋਣਾ ਲਾਜ਼ਮੀ ਹੈ ਅਤੇ ਸੰਬੰਧਿਤ ਵਿਸ਼ੇ ਵਿੱਚ 60% ਅੰਕ ਹੋਣੇ ਲਾਜ਼ਮੀ ਹਨ।
2. ਜੇ ਕਿਸੇ ਜਮਾਤ ਜਾਂ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 15 ਹੋਵੇ ਤਾਂ ਇਕ ਹੀ ਪਹਿਲਾ ਇਨਾਮ ਦਿੱਤਾ ਜਾਵੇਗਾ।
3. ਜੇ ਕਿਸੇ ਜਮਾਤ ਜਾਂ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 50 ਤੱਕ ਹੋਵੇ ਤਾਂ ਪਹਿਲਾ, ਦੂਜਾ ਇਨਾਮ ਦਿੱਤਾ ਜਾਵੇਗਾ।
4. ਜੇ ਕਿਸੇ ਜਮਾਤ ਜਾਂ ਵਿਸ਼ੇ ਵਿੱਚ ਵਿਦਿਆਰਥੀ ਦੀ ਗਿਣਤੀ 50 ਤੋਂ ਵੱਧ ਹੋਵੇ ਤਾਂ ਪਹਿਲਾ, ਦੂਜਾ ਤੇ ਤੀਜਾ ਇਨਾਮ ਦਿੱਤੇ ਜਾਣਗੇ।
5. ਕਿਸੇ ਵੀ ਜਮਾਤ ਵਿੱਚ ਕੁਲ ਨੰਬਰਾਂ ਦੇ ਆਧਾਰ ਤੇ ਇਨਾਮ ਲੈਣ ਲਈ ਉੱਪਰ ਵਾਲੀਆਂ ਸ਼ਰਤਾਂ ਹੋਣਗੀਆਂ।
6. ਬੋਰਡ ਜਾਂ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਹਰ ਜਮਾਤ ਵਿਚ ਕਾਲਜ ਪੱਧਰ ਤੇ ਫਸਟ, ਸੈਕਿੰਡ ਅਤੇ ਥਰਡ ਆਉਣ ਵਾਲਿਆਂ ਨੂੰ ਇਨਾਮ ਦਿੱਤੇ ਜਾਣਗੇ।
7. ਜੇ ਕਿਸੇ ਜਮਾਤ ਜਾਂ ਵਿਸ਼ੇ ਵਿੱਚ ਕਿਸੇ ਵਿਦਿਆਰਥੀ ਦਾ ਪਹਿਲਾ ਇਨਾਮ ਬਣਦਾ ਹੈ, ਪਰ ਉਹ ਕਿਸੇ ਵਿਸ਼ੇ ਵਿੱਚ ਫੇਲ੍ਹ ਹੋਣ ਕਾਰਨ

ਅਯੋਗ ਹੋ ਜਾਂਦਾ ਹੈ ਤਾਂ ਉਸ ਹਾਲਤ ਵਿੱਚ ਪਹਿਲਾ ਇਨਾਮ ਅਗਲੇ ਵਿਦਿਆਰਥੀ ਨੂੰ ਨਹੀਂ ਦਿੱਤਾ ਜਾਵੇਗਾ ਅਤੇ ਉਹ ਇਨਾਮ ਖ਼ਤਮ ਹੋ ਜਾਵੇਗਾ। ਇਸ ਦਾ ਮਤਲਬ ਇਹ ਹੈ ਕਿ ਇਕ ਵਿਦਿਆਰਥੀ ਦਾ ਇਨਾਮ ਦੂਜੇ ਵਿਦਿਆਰਥੀ ਨੂੰ ਟ੍ਰਾਂਸਫਰ ਨਹੀਂ ਕੀਤਾ ਜਾਵੇਗਾ। ਇਹ ਹੀ ਸ਼ਰਤ ਦੂਜੇ ਅਤੇ ਤੀਜੇ ਇਨਾਮ ਵਾਸਤੇ ਲਾਗੂ ਹੋਵੇਗੀ।

8. ਜੇ ਕਿਸੇ ਇਕ ਜਮਾਤ ਵਿੱਚ ਇਕ ਤੋਂ ਵੱਧ ਵਿਦਿਆਰਥੀਆਂ ਦੇ, ਜੋ ਜਮਾਤ 'ਚੋਂ ਪਹਿਲੇ-ਦੂਜੇ ਜਾਂ ਤੀਜੇ ਸਥਾਨ 'ਤੇ ਆਉਂਦੇ ਹੋਣ, ਇਕੋ ਜਿਹੇ ਨੰਬਰ ਹੋਣ ਤਾਂ ਇਨਾਮ ਲਈ ਫੈਸਲਾ ਪਰਚਿਆਂ ਦੇ ਪੁਨਰ-ਮੁਲੰਕਣ ਰਾਹੀਂ ਕੀਤਾ ਜਾਵੇਗਾ।

## ਰੋਲ ਆਫ਼ ਆਨਰ (ਖੇਡਾਂ)

ਇਹ ਸਨਮਾਨ ਉਨ੍ਹਾਂ ਵਿਲੱਖਣ ਪ੍ਰਾਪਤੀ ਵਾਲੇ ਖਿਡਾਰੀਆਂ ਨੂੰ ਦਿੱਤਾ ਜਾਵੇਗਾ ਜਿਹਨਾਂ ਨੇ:

(ੳ) ਪੰਜਾਬੀ ਯੂਨੀਵਰਸਿਟੀ ਜਾਂ ਰਾਜ ਪੱਧਰ ਦੀ ਕਪਤਾਨੀ ਕੀਤੀ ਹੋਵੇ।

(ਅ) ਸਰਬ ਭਾਰਤੀ ਅੰਤਰ ਯੂਨੀਵਰਸਿਟੀ, ਜਾਂ ਰਾਸ਼ਟਰੀ ਪੱਧਰ ਤੇ ਸਬ-ਜੂਨੀਅਰ/ਜੂਨੀਅਰ/ਸੀਨੀਅਰ ਵਰਗ ਲਈ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਹੈਸੀਅਤ ਵਿੱਚ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ।

(ੲ) ਸਰਬ-ਭਾਰਤੀ ਅੰਤਰ-ਯੂਨੀਵਰਸਿਟੀ ਜਾਂ ਰਾਸ਼ਟਰੀ ਪੱਧਰ ਤੇ ਮੈਚਾਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਮੈਂਬਰਾਂ ਨੂੰ।

## ਕਾਲਜ ਕਲਰ (ਖੇਡਾਂ)

(ੳ) ਜਿਸ ਨੇ ਪੰਜਾਬੀ ਯੂਨੀਵਰਸਿਟੀ ਜਾਂ ਰਾਜ-ਪੱਧਰ ਦੀ ਟੀਮ ਦੀ ਪ੍ਰਤੀਨਿਧਤਾ ਕੀਤੀ ਹੋਵੇ।

(ਅ) ਯੂਨੀਵਰਸਿਟੀ ਜਾਂ ਰਾਜ-ਪੱਧਰ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਰਹਿਣ ਵਾਲੇ ਖਿਡਾਰੀ ਵਿਦਿਆਰਥੀ।

(ੲ) ਕਾਲਜ ਦੀਆਂ ਸਾਲਾਨਾ ਖੇਡਾਂ ਦੌਰਾਨ ਸਰਬੋਤਮ ਘੋਸ਼ਿਤ ਕੀਤੇ ਜਾਣ ਵਾਲੇ ਦੋ ਖਿਡਾਰੀ (ਇਕ ਲੜਕਾ ਅਤੇ ਇਕ ਲੜਕੀ)।

(ਸ) ਅੰਤਰ-ਜ਼ੋਨਲ ਯੂਨੀਵਰਸਿਟੀ ਦੇ ਖੇਡ ਮੁਕਾਬਲੇ ਵਿੱਚ ਜੇਤੂ ਟੀਮ ਦੇ ਸਾਰੇ ਖਿਡਾਰੀ ਅਤੇ ਰਨਰਜ਼ ਅੱਪ ਟੀਮਾਂ ਦੇ 50%।

(ਹ) ਯੂਨੀਵਰਸਿਟੀ ਜ਼ੋਨ ਜੇਤੂ ਟੀਮ ਚੋਂ 25% ਅਤੇ ਜ਼ੋਨ ਰਨਰਜ਼-ਅੱਪ ਚੋਂ ਇੱਕ। ਸ਼ਰਤ ਹੈ ਕਿ ਟੀਮ ਨੇ ਘੱਟੋਂ-ਘੱਟ ਦੋ ਮੈਚ ਜ਼ਰੂਰ ਖੇਡੇ ਹੋਣ।

## ਮੈਰਿਟ ਸਰਟੀਫਿਕੇਟ (ਖੇਡਾਂ)

(ੳ) ਜ਼ਿਲ੍ਹਾ-ਪੱਧਰ ਤੇ ਪਹਿਲਾ, ਦੂਜਾ ਤੇ ਤੀਜਾ ਸਥਾਨ ਘੱਟੋ-ਘੱਟ ਦੋ ਮੈਚ ਲਾਜ਼ਮੀ।

(ਅ) ਯੂਨੀਵਰਸਿਟੀ ਜ਼ੋਨ ਪੱਧਰ ਤੇ ਚੰਗਾ ਪ੍ਰਦਰਸ਼ਨ। ਘੱਟੋ-ਘੱਟ ਦੋ ਮੈਚ ਲਾਜ਼ਮੀ।

## ਰੋਲ ਆਫ਼ ਆਨਰ (ਐਨ.ਸੀ.ਸੀ.)

(ੳ) ਜਿਹਨਾਂ ਨੇ ਐਨ.ਸੀ.ਸੀ. ਵਿੱਚ ਤਿੰਨ ਸਾਲਾਂ ਦੌਰਾਨ 2 ਟਰੇਨਿੰਗ ਕੈਂਪ/ਪ੍ਰੀ ਰਿਪਬਲਿਕ ਡੇ ਕੈਂਪ/ਐਨ.ਆਈ.ਸੀ.ਕੈਂਪ/ਥਲ ਸੈਨਾ ਕੈਂਪ/ਆਰਮੀ ਅਟੈਚਮੈਂਟ/ਟਰੈਕਿੰਗ ਕੈਂਪ ਆਦਿ ਲਗਾਏ ਹੋਣ।

(ਅ) ਤਿੰਨ ਸਾਲਾਂ ਦੌਰਾਨ ਜ਼ਿਲ੍ਹਾ ਪੱਧਰ ਤੇ 15 ਅਗਸਤ ਅਤੇ ਗਣਤੰਤਰ ਦਿਵਸ ਪਰੇਡ ਵਿੱਚ ਘੱਟ ਤੋਂ ਘੱਟ 4 ਵਾਰ ਭਾਗ ਲਿਆ ਹੋਵੇ ਅਤੇ 1 ਵਾਰ ਪਲਟੂਨ ਕਮਾਂਡਰ ਰਿਹਾ ਹੋਵੇ।

(ੲ) 2 ਵਾਰ ਖ਼ੂਨ ਦਾਨ ਕੀਤਾ ਹੋਵੇ ਜਾਂ ਹਸਪਤਾਲ ਵਿੱਚ ਬੇਸਹਾਰਾ ਮਰੀਜ਼ਾਂ ਦੀ ਸੇਵਾ ਵਿੱਚ 36 ਘੰਟੇ ਲਾਏ ਹੋਣ ਜਾਂ ਬਾਲਗ ਵਿੱਦਿਆ ਵਿੱਚ ਯੋਗਦਾਨ ਪਾਇਆ ਹੋਵੇ।

(ਸ) ਜਿਹਨਾਂ ਨੇ 26 ਜਨਵਰੀ ਨੂੰ ਦਿੱਲੀ ਵਿਖੇ ਗਣਤੰਤਰ ਦਿਵਸ ਪਰੇਡ ਵਿੱਚ ਪੰਜਾਬ ਰਾਜ ਦੀ ਐਨ.ਸੀ.ਸੀ. ਟੁਕੜੀ ਵਿੱਚ ਭਾਗ ਲਿਆ ਹੋਵੇ।

(ਹ) ਐਨ.ਸੀ.ਸੀ. ਦਾ ਸੀਨੀਅਰ ਅੰਡਰ ਅਫ਼ਸਰ ਰਿਹਾ ਹੋਵੇ/ਰਹੀ ਹੋਵੇ। ਐਨ.ਸੀ.ਸੀ. ਦੀ ਅਫ਼ਸਰ ਦੀ ਅਨੁਸ਼ਾਸਨ ਸਬੰਧੀ ਸਰਵਉੱਤਮ ਰਿਪੋਰਟ ਹੋਵੇ।

## ਕਾਲਜ ਕਲਰ ਐਨ.ਸੀ.ਸੀ.

(ੳ) ਜਿਹਨਾਂ ਨੇ ਐਨ.ਸੀ.ਸੀ. ਕੈਂਪਾਂ, ਕਾਲਜ ਦੇ ਫੰਕਸ਼ਨਾਂ ਅਤੇ ਐਨ.ਸੀ.ਸੀ. ਦੁਆਰਾ ਚਲਾਈਆਂ ਸਮਾਜ ਸੇਵੀ ਮੁਹਿਮਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੋਵੇ।

(ਅ) ਐਨ.ਸੀ.ਸੀ. ਦਾ ਕੋਈ ਵੀ ਇਨਾਮ ਪ੍ਰਾਪਤ ਕਰਨ ਲਈ ਐਨ.ਸੀ.ਸੀ. ਅਫ਼ਸਰ ਦੁਆਰਾ ਸਰਵਉੱਤਮ ਕੈਡਿਟ ਰਿਪੋਰਟ ਲੈਣੀ ਜ਼ਰੂਰੀ ਹੈ।

## ਰੋਲ ਆਫ ਆਨਰ ਐਨ.ਐੱਸ.ਐੱਸ.

(ੳ) ਜਿਹਨਾਂ ਨੇ 3 ਸਾਲਾਂ ਦੌਰਾਨ 3 ਰੋਜ਼ਾ ਕੈਂਪ, 1 ਅੰਤਰ ਕਾਲਜ ਕੈਂਪ ਜਾਂ ਇਸ ਦੇ ਪੱਧਰ ਦਾ ਕੋਈ ਹੋਰ ਕੈਂਪ ਅਤੇ ਕਾਲਜ ਵਿੱਚ 3 ਸਾਲਾਂ ਦੌਰਾਨ 15 ਇੱਕ ਰੋਜ਼ਾ ਕੈਂਪ ਲਗਾਏ ਹੋਣ।
(ਅ) 3 ਵਾਰ ਖ਼ੂਨ ਦਾਨ ਕੀਤਾ ਹੋਵੇ ਜਾਂ ਹਸਪਤਾਲ ਵਿੱਚ ਬੇਸਹਾਰਾ ਮਰੀਜ਼ਾਂ ਦੀ ਸੇਵਾ ਵਿੱਚ 36 ਘੰਟੇ ਲਾਏ ਹੋਣ ਜਾਂ ਬਾਲਗ ਵਿੱਦਿਆ ਵਿੱਚ ਯੋਗਦਾਨ ਪਾਇਆ ਹੋਵੇ।
(ੲ) ਜਿਹਨਾਂ ਨੇ 26 ਜਨਵਰੀ ਨੂੰ ਦਿੱਲੀ ਵਿਖੇ ਗਣਤੰਤਰ ਦਿਵਸ ਪਰੇਡ ਵਿੱਚ ਪੰਜਾਬ ਰਾਜ ਦੀ ਐਨ.ਐਸ.ਸੀ. ਟੁਕੜੀ ਵਿੱਚ ਭਾਗ ਲਿਆ ਹੋਵੇ।

## ਕਾਲਜ ਕਲਰ ਐਨ.ਐੱਸ.ਐੱਸ.

(ੳ) ਜਿਹਨਾਂ ਨੇ 3 ਸਾਲਾਂ ਦੌਰਾਨ 3 ਦਸ ਰੋਜ਼ਾ ਕੈਂਪ, ਅਤੇ ਕਾਲਜ ਵਿੱਚ 3 ਸਾਲਾਂ ਦੌਰਾਨ 15 ਇੱਕ ਰੋਜ਼ਾ ਕੈਂਪ ਲਗਾਏ ਹੋਣ।
(ਅ) 3 ਵਾਰ ਖ਼ੂਨ ਦਾਨ ਕੀਤਾ ਹੋਵੇ ਜਾਂ ਹਸਪਤਾਲ ਵਿਚ ਬੇਸਹਾਰਾ ਮਰੀਜ਼ਾਂ ਦੀ ਸੇਵਾ ਵਿੱਚ 36 ਘੰਟੇ ਲਾਏ ਹੋਣ ਜਾਂ ਬਾਲਗ ਵਿੱਦਿਆ ਵਿੱਚ ਯੋਗਦਾਨ ਪਾਇਆ ਹੋਵੇ।
(ੲ) ਐਨ.ਐੱਸ.ਐੱਸ. ਕੈਂਪਾਂ ਵਿੱਚ ਲੀਡਰ ਦੀ ਭੂਮਿਕਾ ਨਿਭਾਈ ਹੋਵੇ ਅਤੇ ਕਾਲਜ ਦੇ ਸਮਾਰੋਹਾਂ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੋਵੇ।

## ਮੈਰਿਟ ਸਰਟੀਫਿਕੇਟ ਐਨ.ਐੱਸ.ਐੱਸ

ਜਿਹਨਾਂ ਨੇ 10 ਰੋਜ਼ਾਂ ਕੈਂਪਾਂ, ਅਤੇ 1 ਰੋਜ਼ਾ ਕੈਂਪ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਈ ਹੋਵੇ।

## ਸੱਭਿਆਚਾਰਕ ਸਨਮਾਨ ਰੋਲ ਆਫ ਆਨਰ

ੳ) ਵਿਅਕਤੀਗਤ/ਟੀਮ ਦੇ ਤੌਰ ਤੇ ਅੰਤਰ ਯੂਨੀਵਰਸਿਟੀ ਪੱਧਰ ਤੇ ਸੱਭਿਆਚਾਰਕ/ਸਾਹਿਤਕ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਪ੍ਰਤਿਭਾਸ਼ਾਲੀ ਵਿਦਿਆਰਥੀ/ਟੀਮ ਦੇ ਸਾਰੇ ਮੈਂਬਰਾਂ ਨੂੰ ਰੋਲ ਆਫ਼ ਆਨਰ ਪ੍ਰਦਾਨ ਕੀਤਾ ਜਾਵੇਗਾ।
ਅ) ਪੰਜਾਬ ਸਰਕਾਰ ਦੇ ਰਾਜ-ਪੱਧਰ ਜਾਂ ਯੂਨੀਵਰਸਿਟੀ ਜਾਂ ਅੰਤਰ ਜ਼ੋਨਲ ਯੁਵਕ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਾਲੇ ਹਰ ਵਿਅਕਤੀਗਤ ਜੇਤੂ ਅਤੇ ਟੀਮ ਦੀ ਸੂਰਤ ਵਿੱਚ ਦੋ ਮੈਂਬਰਾਂ ਨੂੰ ਰੋਲ ਆਫ ਆਨਰ ਦਿੱਤਾ ਜਾਵੇਗਾ।
ਕਾਲਜ ਕਲਰ: ਟੀਮ ਦੀ ਸੂਰਤ ਵਿੱਚ ਕਾਲਜ ਕਲਰ ਪ੍ਰਦਾਨ ਕਰਨ ਦੀ ਪ੍ਰਤੀਸ਼ਤ ਇਸ ਪ੍ਰਕਾਰ ਹੋਵੇਗੀ:-
ਅੰਤਰ ਜ਼ੋਨਲ ਜੇਤੂ : 100%
ਅੰਤਰ ਜ਼ੋਨਲ ਸੈਕਿੰਡ : 50%
ਜ਼ੋਨਲ ਜੇਤੂ : (4 ਚਾਰ)
ਜ਼ੋਨਲ ਸੈਕਿੰਡ: 2 (ਦੋ)
(ੲ) ਸਰਵੋਤਮ ਬੁਲਾਰੇ, ਲਿਖਾਰੀ ਅਤੇ ਗਾਇਕ ਲਈ ਇੱਕ-ਇੱਕ ਕਾਲਜ ਕਲਰ ਦਿੱਤਾ ਜਾ ਸਕਦਾ ਹੈ। ਸਾਰੇ ਸੈਸ਼ਨ ਦੌਰਾਨ ਸਭ ਤੋਂ ਵੱਧ ਪ੍ਰਾਪਤੀਆਂ ਵਾਲੇ ਵਿਦਿਆਰਥੀ ਨੂੰ ਵਿਚਾਰਿਆ ਜਾਵੇਗਾ।
ਨੋਟ: ਰੋਲ ਆਫ਼ ਆਨਰ, ਕਾਲਜ ਕਲਰ ਜਾਂ ਮੈਰਿਟ ਸਰਟੀਫਿਕੇਟ ਪ੍ਰਦਾਨ ਕਰਨ ਲਈ ਫੈਸਲਾ ਉਸ ਕਮੇਟੀ ਦੁਆਰਾ ਲਿਆ ਜਾਵੇਗਾ ਜੋ ਕਿ ਪ੍ਰਿੰਸੀਪਲ ਦੁਆਰਾ ਵਿਸ਼ੇਸ਼ ਤੌਰ ਤੇ ਗਠਿਤ ਕੀਤੀ ਜਾਵੇਗੀ। ਅਕਾਦਮਿਕ ਸ਼ੈਸ਼ਨ ਦੌਰਾਨ ਇਹਨਾਂ ਨਿਯਮਾਂ ਵਿੱਚ ਪਰਿਵਰਤਨ ਵੀ ਕੀਤਾ ਜਾ ਸਕਦਾ ਹੈ।

## ਕਾਲਜ ਵਿੱਚ ਵਿਦਿਆਰਥੀਆਂ ਨੂੰ ਮਿਲਣ ਵਾਲੇ ਵਜ਼ੀਫੇ/ਨਕਦ ਪੁਰਸਕਾਰ

ਗਰੀਬ ਤੇ ਹੋਣਹਾਰ ਵਿਦਿਆਰਥੀਆਂ ਲਈ ਕੁਝ ਦਾਨੀ ਸ਼ਖਸੀਅਤਾਂ ਵਲੋਂ ਵਜ਼ੀਫੇ/ਨਕਦ ਪੁਰਸਕਾਰ ਉਪਲਬਧ ਹਨ, ਜਿਨ੍ਹਾਂ ਵਿੱਚ ਪ੍ਰਿੰਸੀਪਲ ਹਰਦਿਆਲ ਸਿੰਘ (ਸਵ:), ਚੌਧਰੀ ਮੇਘ ਰਾਜ ਸੈਣੀ (ਸਵ:), ਸ਼੍ਰੀਮਤੀ ਸੁਸ਼ੀਲ ਖੇੜਾ, ਪ੍ਰੋ. ਜਸਵਿੰਦਰ ਸਿੰਘ ਸੋਢੀ ਅਤੇ ਸ਼੍ਰੀਮਤੀ ਨਛੱਤਰ ਕੌਰ ਗਿੱਲ ਦੇ ਨਾਂ ਜ਼ਿਕਰਯੋਗ ਹਨ।

## ਹੋਸਟਲ

ਹੋਸਟਲ ਵਿੱਚ ਰਹਿਣ ਦੇ ਚਾਹਵਾਨ ਵਿਦਿਆਰਥੀ (ਕੇਵਲ ਲੜਕੇ) ਕਾਲਜ ਵਿੱਚ ਦਾਖ਼ਲੇ ਦੇ ਫਾਰਮ ਨਾਲ ਹੋਸਟਲ ਦਾਖ਼ਲਾ ਫਾਰਮ ਭਰ ਕੇ ਦੇਣਗੇ। ਹੋਸਟਲ ਵਿੱਚ ਦਾਖ਼ਲਾ ਨਿਰੋਲ ਮੈਰਿਟ ਦੇ ਆਧਾਰ ਤੇ ਹੋਵੇਗਾ। ਹੋਸਟਲ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਹੋਸਟਲ ਫ਼ਾਰਮ ਵਿੱਚ ਦਰਜ਼ ਅਨੁਸ਼ਾਸਨ ਸੰਬੰਧੀ ਨਿਯਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਣਗੇ।

## ਕੇਵਲ ਰਿਹਾਇਸ਼ੀ ਵਿਦਿਆਰਥੀਆਂ ਲਈ

ਹੋਸਟਲ ਦੀਆਂ ਫ਼ੀਸਾਂ ਦਾ ਵੇਰਵਾ ਨਵੇਂ ਸੋਧੇ ਰੇਟ ਪ੍ਰਾਪਤ ਹੋਣ ਉਪਰੰਤ ਨੋਟਿਸ ਬੋਰਡ ਤੇ ਲਗਾ ਦਿੱਤਾ ਜਾਵੇਗਾ।

ਨੋਟ: 1. ਕਾਲਜ ਛੱਡਣ ਤੋਂ ਇੱਕ ਸਾਲ ਅੰਦਰ-ਅੰਦਰ ਜੇਕਰ ਲਾਇਬਰੇਰੀ/ਹੋਸਟਲ ਦੀ ਜ਼ਮਾਨਤ ਨਾ ਕਢਵਾਈ ਗਈ ਤਾਂ ਇਹ ਜ਼ਬਤ ਹੋ ਜਾਵੇਗੀ।

2. ਸਰਕਾਰ ਅਤੇ ਯੂਨੀਵਰਸਿਟੀਆਂ ਦੀਆਂ ਹਦਾਇਤਾਂ ਅਨੁਸਾਰ ਫ਼ੀਸਾਂ ਦੀ ਦਰ ਵਿੱਚ ਤਬਦੀਲੀ ਹੋ ਸਕਦੀ ਹੈ। ਆਮ ਤੌਰ ਤੇ ਫ਼ੀਸ ਨਿਸ਼ਚਿਤ ਮਿਤੀ ਨੂੰ ਹੀ ਲਈ ਜਾਵੇਗੀ। ਅਦਾਇਗੀ ਵਿੱਚ ਦੇਰੀ ਕਾਰਨ ਨਿਯਮਾਂ ਅਨੁਸਾਰ ਜੁਰਮਾਨਾ ਵਸੂਲ ਕੀਤਾ ਜਾਵੇਗਾ। ਨਿਸ਼ਚਿਤ ਮਿਤੀਆਂ ਦੇ ਦੌਰਾਨ ਫ਼ੀਸ ਦੀ ਅਦਾਇਗੀ ਨਾ ਕਰਨ ਵਾਲੇ ਵਿਦਿਆਰਥੀਆਂ ਦੇ ਨਾਂ ਬਿਨਾਂ ਕਿਸੇ ਸੂਚਨਾ ਦੇ ਕੱਟ ਦਿੱਤੇ ਜਾਣਗੇ। ਜੇਕਰ ਵਿਦਿਆਰਥੀ ਨਾਂ ਕੱਟੇ ਜਾਣ ਤੋਂ ਇੱਕ ਮਹੀਨਾ ਬਾਅਦ ਤੱਕ ਵੀ ਦੁਬਾਰਾ ਦਾਖ਼ਲਾ ਹਾਸਲ ਨਹੀਂ ਕਰਦਾ ਤਾਂ ਉਸ ਨੂੰ ਦੁਬਾਰਾ ਦਾਖ਼ਲੇ ਲਈ ਪ੍ਰਵਾਨਗੀ ਨਹੀਂ ਮਿਲ ਸਕਦੀ।

ਜਦੋਂ ਤੱਕ ਵਿਦਿਆਰਥੀ ਕਾਲਜ-ਫੀਸਾਂ ਦੀ ਅਦਾਇਗੀ ਨਹੀਂ ਕਰਦਾ, ਮੋੜਵੀਂ ਜ਼ਮਾਨਤ ਵਾਪਸ ਨਹੀਂ ਕੀਤੀ ਜਾਵੇਗੀ। ਜੇਕਰ ਕੋਈ ਵਿਦਿਆਰਥੀ ਉਚਿਤ ਪ੍ਰਣਾਲੀ ਰਾਹੀਂ ਫ਼ੀਸ ਦੇ ਕੇ ਆਪਣਾ ਨਾਂ ਵਾਪਸ ਨਹੀਂ ਲੈਂਦਾ ਤਾਂ ਉਸ ਵੱਲ ਰਹਿੰਦੇ ਬਕਾਏ ਮੋੜਵੀ ਜ਼ਮਾਨਤ ਵਿੱਚੋਂ ਵਸੂਲ ਕਰ ਲਏ ਜਾਣਗੇ।


## ਲਰਨਰ Driving Licence ਬਣਾਉਣ ਦੀ ਸਹੂਲਤ

ਪੰਜਾਬ ਸਰਕਾਰ ਦੇ ਪੱਤਰ ਨੂੰ: 12/120/2009-112 ਰਾਹੀਂ ਵਿਦਿਆਰਥੀਆਂ ਦੀ ਸਹੂਲਤ ਲਈ ਪ੍ਰਿੰਸੀਪਲ ਸਰਕਾਰੀ ਕਾਲਜ, ਰੂਪਨਗਰ ਨੂੰ ਲਰਨਰ ਡਰਾਈਵਿੰਗ ਲਾਇਸੰਸ ਬਨਾਉਣ ਦੇ ਅਧਿਕਾਰ ਦਿੱਤੇ ਹਨ, ਇਹ ਲਾਇਸੰਸ ਸ਼ਰਤਾਂ ਅਧੀਨ ਜਾਰੀ ਹੋਵੇਗਾ।

# ਕੁੱਝ ਹੋਰ ਹਦਾਇਤਾਂ

1. ਜਿਹੜੇ ਵਿਦਿਆਰਥੀ ਹੇਠਲੀ ਪ੍ਰੀਖਿਆ ਬਾਹਰਲੇ ਰਾਜਾਂ ਦੇ ਬੋਰਡ/ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਇਸ ਕਾਲਜ ਵਿੱਚ ਨਵਾਂ ਦਾਖ਼ਲਾ ਲੈਂਦੇ ਹਨ ਉਹ ਵਿਦਿਆਰਥੀ ਆਪਣਾ ਸੰਬੰਧਿਤ ਬੋਰਡ/ਯੂਨੀਵਰਸਿਟੀ ਦਾ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਅਤੇ ਅਸਲ ਡਿਟੇਲ ਮਾਰਕਸ ਕਾਰਡ ਇਸ ਕਾਲਜ ਵਿਖੇ ਦਾਖ਼ਲ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਵਿੱਚ ਵੱਖਰੇ ਤੌਰ ਤੇ ਜਮ੍ਹਾਂ ਕਰਵਾਉਣ ਇਹ ਅਸਲ ਦਸਤਾਵੇਜ਼ ਯੂਨੀਵਰਸਿਟੀ ਨੂੰ ਰਜਿਸਟ੍ਰੇਸ਼ਨ ਲਈ ਭੇਜੇ ਜਾਣਗੇ। ਯੂਨੀਵਰਸਿਟੀ ਤੋਂ ਵਾਪਸ ਆਉਣ ਤੇ ਦਸਤਾਵੇਜ ਪ੍ਰਾਪਤ ਕਰਨ ਦੀ ਜਿੰਮੇਵਾਰੀ ਵਿਦਿਆਰਥੀ ਦੀ ਹੈ। ਇਸ ਲਈ ਦਫਤਰ ਨਾਲ ਸੰਪਰਕ ਰੱਖਿਆ ਜਾਵੇ।
2. ਜਿਹੜੇ ਵਿਦਿਆਰਥੀ ਬਾਹਰਲੇ ਬੋਰਡ/ਯੂਨੀਵਰਸਿਟੀ ਤੋਂ ਹੇਠਲੀ ਪ੍ਰੀਖਿਆ ਪਾਸ ਕਰਨ ਉਪਰੰਤ ਦਾਖ਼ਲਾ ਲੈਂਦੇ ਹਨ ਅਜਿਹੇ ਵਿਦਿਆਰਥੀਆਂ ਦਾ ਦਾਖ਼ਲਾ ਉਦੋਂ ਤੱਕ ਆਰਜ਼ੀ ਰਹੇਗਾ ਜਦੋਂ ਉਹਨਾਂ ਦੇ ਸਬੰਧਤ ਬੋਰਡ/ਯੂਨੀਵਰਸਿਟੀ ਵਲੋਂ ਅਸਲ ਦਸਤਾਵੇਜ ਵੈਰੀਫੀਕੇਸ਼ਨ ਹੋ ਕੇ ਨਹੀਂ ਆਉਂਦੇ। ਅਜਿਹੇ ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਸਿਟੀ ਦਫ਼ਤਰ ਤੋਂ ਦਾਖ਼ਲੇ ਲਈ ਨਿਰਧਾਰਤ ਫਾਰਮ/ਫ਼ੀਸ ਤੇ ਆਰਜ਼ੀ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨਾ ਜ਼ਰੂਰੀ ਹੈ। ਇਸ ਤੋਂ ਬਿਨਾਂ ਵਿਦਿਆਰਥੀ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
3. ਜਿਹੜੇ ਵਿਦਿਆਰਥੀ ਬੀ.ਕਾਮ ਭਾਗ ਪਹਿਲਾ ਅਤੇ ਦੂਜਾ ਦੀ ਪ੍ਰੀਖਿਆ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪਾਸ ਕਰ ਕੇ ਇਸ ਯੂਨੀਵਰਸਿਟੀ ਵਿਖੇ ਦਾਖ਼ਲ ਲੈਂਦੇ ਹਨ, ਉਨ੍ਹਾਂ ਦੇ ਬਣਦੇ ਡੈਫ਼ੀਸੈਂਟ ਪਰਚੇ ਦੇ ਕੇਸ ਵੀ ਦਾਖ਼ਲੇ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਯੂਨੀਵਰਸਿਟੀ ਦਫ਼ਤਰ ਵਿਖੇ ਆਦੇਸ਼ਾਂ/ਪਰਵਾਨਗੀ ਹਿੱਤ ਪੁੱਜਦੇ ਕੀਤੇ ਜਾਣ।
4. ਪੁਨਰ-ਮੁਲਾਂਕਣ ਉਪਰੰਤ ਲੇਟ ਦਾਖ਼ਲੇ ਦੀ ਸੁਵਿਧਾ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਹੋਵੇਗੀ।
5. ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਇਸ ਕਾਲਜ ਤੋਂ ਕੋਈ ਵੀ ਕਲਾਸ ਪਾਸ/ਫੇਲ੍ਹ ਹੋਣ ਉਹ ਆਪਣਾ ਨੰਬਰ ਕਾਰਡ ਨਤੀਜਾ ਘੋਸ਼ਿਤ ਹੋਣ ਤੋਂ ਦਫ਼ਤਰ ਨਾਲ ਸੰਪਰਕ ਕਰ ਕੇ ਜਲਦੀ ਪ੍ਰਾਪਤ ਕਰਨ। ਜਿਹੜੇ ਵਿਦਿਆਰਥੀ ਇਸ ਕਾਲਜ ਤੋਂ ਰੈਗੂਲਰ ਬੀ.ਏ/ਬੀ.ਐਸ.ਸੀ/ਬੀ.ਕਾਮ ਭਾਗ ਤੀਜਾ ਜਾਂ ਐਮ ਏ. ਕਰ ਕੇ ਜਾਂਦੇ ਹਨ, ਉਨ੍ਹਾਂ ਦੀ ਡਿਗਰੀ ਯੂਨੀਵਰਸਿਟੀ ਵੱਲੋਂ ਪ੍ਰੀਖਿਆ ਖਤਮ ਹੋਣ ਤੋਂ ਇਕ ਸਾਲ ਬਾਅਦ ਕਾਲਜ ਨੂੰ ਪ੍ਰਾਪਤ ਹੁੰਦੀ ਹੈ ਇਸ ਲਈ ਸਬੰਧਿਤ ਵਿਦਿਆਰਥੀ ਦਫਤਰ ਨਾਲ ਸੰਪਰਕ ਰੱਖਦੇ ਹੋਏ ਆਪਣੀ ਡਿਗਰੀ ਸਮੇਂ ਸਿਰ ਕਾਲਜ ਦਫਤਰੋਂ ਪ੍ਰਾਪਤ ਕਰ ਲੈਣ। ਕਈ ਵਿਦਿਆਰਥੀ ਆਪਣਾ ਨੰਬਰ ਕਾਰਡ/ਡਿਗਰੀ ਸਰਟੀਫਿਕੇਟ ਕਈ-ਕਈ ਸਾਲ ਪ੍ਰਾਪਤ ਨਹੀਂ ਕਰਨ ਆਉਂਦੇ। ਇਸ ਤਰ੍ਹਾਂ ਨਾ ਕੀਤਾ ਜਾਵੇ, ਸਮੇਂ ਸਿਰ ਸਰਟੀਫ਼ਿਕੇਟ ਪ੍ਰਾਪਤ ਨਾ ਕਰਨ ਤੇ ਜੇਕਰ ਸਰਟੀਫ਼ਿਕੇਟ/ਡਿਗਰੀ ਗੁੰਮ ਹੋ ਜਾਵੇ ਤਾਂ ਦਫਤਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।
6. ਕਰੈਕਟਰ ਸਰਟੀਫਿਕੇਟ ਕਲਾਸ ਪਾਸ ਕਰਨ ਤੋਂ ਬਾਅਦ 6 ਮਹੀਨੇ ਦੇ ਅੰਦਰ ਹੀ ਲੈਕੇ ਜਾਣਾ ਜ਼ਰੂਰੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੁਰਮਾਨਾ ਦੇਣਾ ਪਵੇਗਾ।
7. **ਰੈਗਿੰਗ (ਜੋ ਕਿ ਦੰਡ ਯੋਗ ਅਪਰਾਧ ਹੈ) ਕਰਨ, ਹੜਤਾਲ ਕਰਵਾਉਣ, ਕਾਲਜ ਪ੍ਰਾਪਰਟੀ ਦਾ ਨੁਕਸਾਨ ਕਰਨ ਜਾਂ ਕਾਲਜ ਦਾ ਅਨੁਸ਼ਾਸਨ ਭੰਗ ਕਰਨ ਤੇ ਵਿਦਿਆਰਥੀ ਨੂੰ 500/- ਰੁਪਏ ਜੁਰਮਾਨਾ ਕੀਤਾ ਜਾਵੇਗਾ ਤੇ ਕਾਲਜ ਵਿੱਚੋਂ ਨਾਮ ਕੱਟ ਦਿਤਾ ਜਾਵੇਗਾ।**

ਡਾ. ਸਨੇਹ ਲਤਾ ਬਧਵਾਰ
ਪ੍ਰਿੰਸੀਪਲ


PLAN OF GOVT. COLLEGE, ROPAR (CAMPUS)
Physical Lab.
R.No.28
Corridor
Store Chem. Deptt.
R.No. 32
Chem. Deptt. Room
UPSTAIRS
14
36
Zoology Museum
Corridor
Zoology Store
Zoology Lab.
GALLERY
Chem. Lab. 2
Store
Store
Chem. Lab. 1
Botany Museum
STAIRS
38
39
R.No. 40
Botany Store
Botany Store
Botany Lab.
Proposed P.G. Block
Hall
Lobby
107
108
109
110
111
Home Science Block
106
105
104
103
102
101
94 Lab.
95 Lab.
Geography Block
93
92
91
88
87
83
84
85
37
Library
69
68
67
66
Lawn IV
Open Air Theatre
Lawn III
Lawn II
Lawn I
26
25
05
08
21
Physics
Lab.
Office
18
17
Staff Room
Music Deptt.
12
11
Computer Room
Principal Office
3
4
5
6
Committee Room
LAWN V
LAWN VI
GATE
MAIN ROAD
GATE
CITY
To Principal's Residence
GATE
COURT/Mini Sectt.
Phy. Edu. Block
Canteen
Parking
Botanical Garden

## ਦਾਖ਼ਲੇ ਦੀਆਂ ਮਿਤੀਆਂ ਅਤੇ ਸਥਾਨ

| ਜਮਾਤ | ਆਧਾਰ ਪ੍ਰਤੀਸ਼ਤ | ਇੰਟਰਵਿਊ ਮਿਤੀ | ਇੰਟਰਵਿਊ ਸਥਾਨ |
|---|---|---|---|
| ੳ) ਬੀ.ਏ. I | 55% ਤੱਕ | 06-7-2015 ਤੋਂ | ਕਾਲਜ ਹਾਲ |
| ਅ) ਬੀ.ਏ. II | ਮੈਰਿਟ ਅਨੁਸਾਰ | 09.7.2015 ਤੇ 10.7.2015 | ਭੂਗੋਲ ਬਲਾਕ |
| ੲ) ਬੀ.ਏ. III | ਮੈਰਿਟ ਅਨੁਸਾਰ | ਨਤੀਜਾ ਘੋਸ਼ਿਤ ਉਪਰੰਤ (ਇੱਕ ਹਫਤੇ ਦੇ ਅੰਦਰ) | ਹੋਮ ਸਾਇੰਸ ਬਲਾਕ |
| ਸ) ਬੀ.ਐਸ.ਸੀ.I | ਮੈਰਿਟ ਅਨੁਸਾਰ | 6-7-2015 ਤੋਂ | ਫਿਜ਼ਿਕਸ ਲੈਬ-1 (Non-Medical) ਬੌਟਨੀ ਲੈਬ (Medical) |
| ਹ) ਬੀ.ਐਸ.ਸੀ-II | ਮੈਰਿਟ ਅਨੁਸਾਰ | 09-7-2015 ਤੇ 10-7-2015 | ਕੈਮਿਸਟਰੀ ਲੈਬ (Non-Medical) ਬੌਟਨੀ ਲੈਬ (Medical) |
| ਕ) ਬੀ.ਐਸ.ਸੀ-III | ਮੈਰਿਟ ਅਨੁਸਾਰ | 11-7-2015 ਤੇ 13-7-2015 | ” |
| ਖ) ਬੀ ਕਾਮ I | ਮੈਰਿਟ ਅਨੁਸਾਰ | 9-7-2015 ਤੋਂ | ਕਾਮਰਸ ਵਿਭਾਗ |
| ਗ) ਬੀ ਕਾਮ II | ਮੈਰਿਟ ਅਨੁਸਾਰ | 6-7-2015 ਤੇ 7-7-2015 | ਰੂਮ ਨੰ.27 |
| ਘ) ਬੀ ਕਾਮ III | ਮੈਰਿਟ ਅਨੁਸਾਰ | 8-7-2015 ਤੇ 9-7-2015 | ਰੂਮ ਨੰ.27 |
| ਣ) ਐਮ.ਏ. I ਪੰਜਾਬੀ ਅੰਗਰੇਜ਼ੀ ਅਤੇ ਰਾਜਨੀਤੀ ਸ਼ਾਸਤਰ | ਨਿਯਮਾਂ ਅਨੁਸਾਰ | 7-7-2015 | ਸੰਬੰਧਤ ਵਿਭਾਗ |
| ਚ) ਐਮ.ਏ. II ਪੰਜਾਬੀ ਅੰਗਰੇਜ਼ੀ ਅਤੇ ਰਾਜਨੀਤੀ ਸ਼ਾਸਤਰ | ਨਿਯਮਾਂ ਅਨੁਸਾਰ | 7-7-2015 | ਸੰਬੰਧਤ ਵਿਭਾਗ |
| ਛ) ਬੀ.ਸੀ.ਏ. I | ਮੈਰਿਟ ਅਨੁਸਾਰ | 7-7-2015 | ਕੈਮਿਸਟਰੀ ਵਿਭਾਗ |
| ਜ) ਬੀ.ਸੀ.ਏ. II | ਨਿਯਮਾਂ ਅਨੁਸਾਰ | 6-7-2015 ਤੇ 7-7-2015 | ਕੈਮਿਸਟਰੀ ਵਿਭਾਗ |
| ਝ) ਬੀ.ਸੀ.ਏ. III | ਨਿਯਮਾਂ ਅਨੁਸਾਰ | 8-7-2015 ਤੇ 9-7-2015 | |
| ਞ) ਪੀ.ਜੀ.ਡੀ.ਸੀ.ਏ | ਮੈਰਿਟ ਅਨੁਸਾਰ | 10-7-2015 | ਕੈਮਿਸਟਰੀ ਵਿਭਾਗ |

# ਰੋਲ ਆਫ਼ ਆਨਰ

## ਅਕਾਦਮਿਕ, ਸਹਿ ਵਿੱਦਿਅਕ ਅਤੇ ਖੇਡਾਂ



| | | | | | | |
|---|---|---|---|---|---|---|
| ਗੁਰਿੰਦਰ ਕੌਰ | ਜਸਮਿੰਦਰ ਕੌਰ | ਹਰਲੀਨ ਕੌਰ | ਜ਼ੀਨਤ ਬੇਗਮ | ਕਵਿਤਾ ਗੋਸਾਈ | ਹਰਪ੍ਰੀਤ ਕੌਰ | ਸ਼ਾਈਨਦੀਪ ਕੌਰ |
| B.Sc- III | B.Sc- III | B.Sc- III | B.Sc- III | B.Com- III | B.Com- II | B.Com- III |



| | | | | | | |
|---|---|---|---|---|---|---|
| ਅਨੀਕੇਤ ਸ਼ਰਮਾ | ਪਾਰੁਲ ਸ਼ਰਮਾ | ਨਿਸ਼ਚੇ ਸ਼ਰਮਾ | ਦਵਿੰਦਰ ਕੌਰ | ਰਾਜਿੰਦਰ ਕੌਰ | ਪ੍ਰੀਤੀ ਕੁਮਾਰੀ | ਹਰਮਨ ਕੌਰ |
| B.Com- III | B.Com- III | B.Com- III | B.Com- III | B.Sc- II | B.Sc- II | B.Sc- II |



| | | | | | | |
|---|---|---|---|---|---|---|
| ਗੁਰਲੀਨ ਕੌਰ | ਜਸਪ੍ਰੀਤ ਕੌਰ | ਸੁਰਿੰਦਰ ਕੌਰ | ਮਨੀਸ਼ਾ ਦੇਵੀ | ਕਾਜਲ | ਗੁਰਪ੍ਰੀਤ ਕੌਰ | ਹਰਜੀਤ ਕੌਰ |
| B.Sc- II | B.Com- III | B.Sc- I | B.Sc- I | B.Sc- I | B.Sc- I | B.Sc- I |



| | | | | | | |
|---|---|---|---|---|---|---|
| ਸਮਰੀਤੀ | ਜਸਪ੍ਰੀਤ ਕੌਰ | ਪੁਸ਼ਪਾ ਕੁਮਾਰੀ | ਜਯੰਤੀ | ਕੋਮਲ ਵੋਹਰਾ | ਗੁਰਪ੍ਰਨੀਤ ਕੌਰ | ਜਯੰਤੀ |
| B.Com- I | B.Com- I | B.Com- I | B.Com- I | B.Com- I | B.Com- I | B.Com- I |



| | | | | | |
|---|---|---|---|---|---|
| ਸੁਨੀਲ ਕੁਮਾਰ | ਨੈਨਾ | ਮਨਿੰਦਰ ਕੌਰ | ਸੁਨੀਲ ਕੁਮਾਰ | ਰਮਨਜੀਤ ਕੌਰ | ਤਰਜੀਤ ਸਿੰਘ |
| B.C.A- I | B.Com- I | (ਜੂਨੀਅਰ ਨੈਸ਼ਨਲ ਹੈਂਡਬਾਲ ਖਿਡਾਰਣ) | ਸੱਭਿਆਚਾਰਕ ਕੁਇਜ਼ ਗੋਲਡ ਮੈਡਲਿਸਟ | ਸੱਭਿਆਚਾਰਕ ਕੁਇਜ਼ ਗੋਲਡ ਮੈਡਲਿਸਟ | ਸੱਭਿਆਚਾਰਕ ਕੁਇਜ਼ ਗੋਲਡ ਮੈਡਲਿਸਟ |



| | | | | | | | |
|---|---|---|---|---|---|---|---|
| ਅੰਡਰ ਅਫਸਰ | ਅੰਡਰ ਅਫਸਰ | ਸੀਨੀ. ਅੰਡਰ ਅਫਸਰ | ਕੈਡਿਟ | ਅੰਡਰ ਅਫਸਰ | ਅੰਡਰ ਅਫਸਰ | ਕੈਡਿਟ | ਅੰਡਰ ਅਫਸਰ |
| ਪੂਜਾ ਰਾਣੀ | ਪ੍ਰਤੀਕ ਬਾਵਾ | ਹਰਜੀਤ ਕੌਰ | ਗੁਰਮੁੱਖ ਸਿੰਘ | ਕੁਲਵਿੰਦਰ ਸਿੰਘ | ਕਵਿਤਾ ਸ਼ਰਮਾ | ਹਰਜਿੰਦਰ ਕੌਰ | ਮਨਿੰਦਰ ਸਿੰਘ |

# ਕਾਲਜ ਕੈਲੰਡਰ 2015-16

## ਗਤੀਵਿਧੀਆਂ/ ਸਰਗਰਮੀਆਂ ਦਾ ਵੇਰਵਾ

| | |
|---|---|
| ਵਣ- ਮਹਾਂਉਤਸਵ | ਜੁਲਾਈ, 2015 |
| ਤੀਆਂ ਦਾ ਮੇਲਾ | ਅਗਸਤ, 2015 |
| ਸਵਤੰਤਰਤਾ ਦਿਵਸ | 15 ਅਗਸਤ, 2015 |
| ਪ੍ਰਤਿਭਾ ਖੋਜ ਮੁਕਾਬਲਾ | ਅਗਸਤ ਦੇ ਅਖੀਰਲੇ ਹਫਤੇ |
| ਟੀਚਰਜ਼ ਡੇ | 05 ਸਤੰਬਰ, 2015 |
| ਐਨ.ਐਸ.ਐਸ. ਦਿਵਸ | 24 ਸਤੰਬਰ, 2015 |
| ਐਨ.ਐਸ.ਐਸ. ਕੈਂਪ | ਸਤੰਬਰ/ਦਸੰਬਰ ਦੇ ਅਖੀਰਲੇ ਹਫਤੇ |
| ਪੱਤਝੜ ਦੀਆਂ ਛੁੱਟੀਆਂ | 26-9-15 ਤੋਂ 3-10-15 |
| ਜ਼ੋਨਲ ਯੁਵਕ ਮੇਲਾ | ਅਕਤੂਬਰ, 2015 |
| ਐਨ.ਸੀ.ਸੀ. ਹਫਤਾ | 17-24 ਨਵੰਬਰ, 2015 |
| ਵਿਸ਼ਵ ਏਡਸ ਦਿਵਸ/ਖੂਨਦਾਨ ਕੈਂਪ | 1 ਦਸੰਬਰ, 2015 |
| ਘਰੇਲੂ ਪ੍ਰੀਖਿਆਵਾਂ | ਦਸੰਬਰ 2015 ਦੇ ਪਹਿਲੇ ਹਫਤੇ |
| ਰਾਸ਼ਟਰੀ ਉਪਭੋਗਤਾ ਦਿਵਸ | 24 ਦਸੰਬਰ, 2015 |
| ਸਰਦੀ ਦੀਆਂ ਛੁੱਟੀਆਂ | 24-12-15 ਤੋਂ 5-1-2016 ਤੱਕ |
| ਰਾਸ਼ਟਰੀ ਯੁਵਾ ਹਫਤਾ | 12-19 ਜਨਵਰੀ, 2016 |
| ਗਣਤੰਤਰ ਦਿਵਸ | 26 ਜਨਵਰੀ, 2016 |
| ਖੇਡ ਸਮਾਰੋਹ | ਫਰਵਰੀ, 2016 |
| ਸਲਾਨਾ ਇਨਾਮ ਵੰਡ ਸਮਾਰੋਹ | ਮਾਰਚ, 2016 |
| ਰਾਸ਼ਟਰੀ ਵਿਗਿਆਨ ਦਿਵਸ | 28 ਫਰਵਰੀ, 2016 |
| ਸਲਾਨਾ ਕਾਨਵੋਕੇਸ਼ਨ | ਫਰਵਰੀ/ਮਾਰਚ 2016 |
| ਅੰਤਰ-ਰਾਸ਼ਟਰੀ ਮਹਿਲਾ ਦਿਵਸ | 8 ਮਾਰਚ, 2016 |
| ਵਿਸ਼ਵ ਉਪਭੋਗਤਾ ਦਿਵਸ | 15 ਮਾਰਚ, 2016 |
| ਸਲਾਨਾ ਪ੍ਰੀਖਿਆਵਾਂ | ਮਾਰਚ ਦੇ ਅਖੀਰਲੇ ਹਫਤੇ |
| ਸਮੇਸਟਰ ਪ੍ਰੀਖਿਆਵਾਂ | ਨਵੰਬਰ ਦਾ ਅਖੀਰਲਾ ਹਫਤਾ ਤੇ ਮਈ ਦਾ ਦੂਜਾ ਹਫਤਾ |

- ਮਹੱਤਵਪੂਰਨ ਦਿਨ
- ਯੂਨੀਵਰਸਿਟੀ ਦੀਆਂ ਛੁਟੀਆਂ
- ਗਜ਼ਟਡ ਛੁਟੀਆਂ

### ਜੁਲਾਈ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

### ਅਗਸਤ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

### ਸਤੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### ਅਕਤੂਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### ਨਵੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

### ਦਸੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### ਜਨਵਰੀ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 31 | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

### ਫ਼ਰਵਰੀ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | | | | | |

### ਮਾਰਚ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### ਅਪ੍ਰੈਲ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

### ਮਈ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### ਜੂਨ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |